ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 30 ਮਈ 2025 (ਨਾਨਕਸ਼ਾਹੀ ਸੰਮਤ : ੫੫੭, ੧੭ ਜੇਠ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




ਸ਼ਹੀਦਾਂ ਦੇ ਸਰਤਾਜ, ਸ਼ਾਂਤੀ ਦੇ ਪੁੰਜ, ਨਿਮਰ ਸੁਭਾਅ ਦੇ ਮਾਲਕ ਅਤੇ ਬਾਣੀ ਦੇ ਬੋਹਿਥੁ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ 'ਤੇ ਕੋਟਿਨ-ਕੋਟਿ ਪ੍ਰਣਾਮ ਕਰਦੇ ਹਾਂ।

ਆਵਾਜ਼ਿ ਕੌਮ
AWAZE QAUM
International Newspaper & WEB TV

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਗੁਰ ਅਰਜਣੁ ਸਚੁ ਸਿਰਜਣਹਾਰਾ

# ਸ਼ਹੀਦਾਂ ਦੇ ਸਿਰਤਾਜ- ਸ੍ਰੀ ਗੁਰੂ ਅਰਜਨ ਦੇਵ ਜੀ

### ਅੱਜ ਸ਼ਹੀਦੀ ਪੁਰਬ 'ਤੇ ਵਿਸ਼ੇਸ਼



**ਸ਼ਹੀਦਾਂ** ਦੇ ਸਿਰਤਾਜ, ਬਾਣੀ ਦੇ ਬੋਹਿਥ, ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ 15 ਅਪ੍ਰੈਲ ਸੰਨ 1563 ਬਿਕਰਮੀ ਸੰਮਤ 1620 ਨੂੰ ਪਿਤਾ ਗੁਰੂ ਰਾਮਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਗ੍ਰਹਿ ਗੋਇੰਦਵਾਲ ਸਾਹਿਬ ਵਿਖੇ ਅਵਤਾਰ ਧਾਰਿਆ। ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾਤਾ ਬਾਬਾ ਪ੍ਰਿਥੀ ਚੰਦ (1557) ਦੂਜੇ ਬਾਬਾ ਮਹਾਂਦੇਵ (1560) ਜੀ ਸਨ। ਇਸ ਸਮੇਂ ਗੁਰੂ ਅਮਰਦਾਸ ਜੀ ਗੁਰਗੱਦੀ ਤੇ ਬਿਰਾਜਮਾਨ ਸਨ ਜੋ ਰਿਸ਼ਤੇ ਵਿੱਚ ਆਪਦੇ ਨਾਨਾ ਲੱਗਦੇ ਸਨ। ਗੁਰੂ ਅਮਰਦਾਸ ਜੀ ਬਾਲਕ ਗੁਰੂ ਅਰਜਨ ਦੇਵ ਜੀ ਦੇ ਜਨਮ ਸਮੇਂ ਅਸੀਸ ਦੇਣ ਗਏ ਸਨ ਤੇ ਬਾਲਕ ਨੂੰ ਗੋਦੀ ਉਠਾ ਕੇ ਮੁੱਖੋਂ ਫੁਰਮਾਇਆ ਸੀ ਕਿ: ' ਇਹ ਭਾਰੀ ਪੁਰਖ ਹੋਵੇਗਾ' । ਬਚਪਨ ਸਮੇਂ ਆਪ ਕੱਦ ਕਾਠ ਵਜੋਂ ਸਰੀਰ ਦੇ ਖੁੱਲੇ ਡੁੱਲੇ ਤੇ ਭਾਰੇ ਸਨ। ਇੱਕ ਵਾਰ ਸੱਚੇ ਪਾਤਸ਼ਾਹ ਜੀ ਬਾਲ ਅਵਸਥਾ ਵਿੱਚ ਹੀ ਸਨ, ਅਜੇ ਰਿੜਦੇ ਸਨ। ਗੇਂਦ ਨਾਲ ਖੇਡ ਰਹੇ ਸਨ। ਗੇਂਦ ਰਿੜ ਕੇ ਗੁਰੂ ਅਮਰਦਾਸ ਜੀ ਦੇ ਬਿਸਰਾਮ ਕਰਨ ਵਾਲੇ ਕਮਰੇ ਵਿੱਚ ਚਲੀ ਗਈ। ਗੇਂਦ ਲੈਣ ਲਈ ਰਿੜ੍ਹਦੇ-ਰਿੜ੍ਹਦੇ ਉਸ ਕਮਰੇ ਵਿੱਚ ਪਹੁੰਚ ਗਏ। ਗੇਂਦ ਨਾ ਮਿਲੀ । ਮੰਜਾ ਵੱਡਾ ਸੀ। ਮੰਜੇ ਦੇ ਪਾਵੇ ਫੜ ਕੇ ਉੱਠਣ ਲੱਗੇ ਤਾਂ ਮੰਜਾ ਹਿੱਲਿਆ ਤਾਂ ਗੁਰੂ ਅਮਰਦਾਸ ਜੀ ਨੇ ਸਹਿਜ ਸੁਭਾ ਵਾਕ ਉਚਾਰਿਆ ਕਿ:

**'ਇਹ ਕਿਹੜਾ ਵੱਡਾ ਪੁਰਖ ਹੈ ਭਾਰੀ,**
**ਜਿਸ ਮੰਜੀ ਹਿਲਾਈ ਸਾਡੀ ਸਾਰੀ'।**

ਇਹ ਬਚਨ ਸੁਣ ਕੇ ਮਾਤਾ ਭਾਨੀ ਜੀ ਕਮਰੇ ਵਿੱਚ ਪਹੁੰਚ ਗਏ ਤੇ ਕਿਹਾ ਪਿਤਾ ਜੀ 'ਤੁਹਾਡਾ ਦੋਹਿਤਾ ਜੇ' ਤਾਂ ਗੁਰੂ ਅਮਰਦਾਸ ਜੀ ਨੇ ਦੂਜਾ ਬਚਨ ਕੀਤਾ ਕਿ: 'ਦੋਹਿਤਾ ਬਾਣੀ ਕਾ ਬੋਹਿਥਾ' ਤੇ ਬਾਲਕ ਨੂੰ ਚੁੱਕ ਕੇ ਛਾਤੀ ਨਾਲ ਲਾ ਲਿਆ ਤੇ ਕਿਹਾ ਕਿ: 'ਹੋਵਹੁਗੇ ਤੁਮਹੂੰ ਗੁਰ ਭਾਰੈ'। ਇੱਕ ਵਾਰ ਗੁਰੂ ਅਮਰਦਾਸ ਜੀ ਨੇ ਬੀਬੀ ਭਾਨੀ ਜੀ ਨੂੰ ਕਿਹਾ ਕਿ 'ਪੁੱਤਰ ਜੇ ਸਾਂਈ ਦੀ ਰਜ਼ਾ ਵਰਤੇ , ਰਾਮਦਾਸ ਗੁਜ਼ਰ ਜਾਏ ਤਾਂ ਸੱਚੀਂ ਦੱਸੀਂ ਧੀਏ ਤੂੰ ਕੀ ਕਰੇ' ਸੂਰਜ ਪ੍ਰਕਾਸ਼ ਦੇ ਕਰਤਾ ਨੇ ਲਿਖਿਆ ਹੈ ਕਿ:

**ਰਾਮਦਾਸ ਅਬ ਤਨ ਪਰਹਰੈ'**
**ਕਹ ਪੁਤਰੀ ਕਯਾ ਤਬਿ ਤੂੰ ਕਰੇ।**

ਇਹ ਸੁਣਦੇ ਹੀ ਭਾਨੀ ਜੀ ਨੇ ਸਿਰ ਨਿਵਾ ਦਿੱਤਾ ਤੇ ਕੋਈ ਕਿੰਤੂ ਨਾ ਕੀਤਾ। ਕਹਿਣ ਦਾ ਭਾਵ ਸੀ ਕਿ 'ਜੋ ਮਾਲਕ ਨੂੰ ਭਾਵੇ'। ਤਾਂ ਗੁਰੂ ਅਮਰਦਾਸ ਜੀ ਨੇ ਫੁਰਮਾਇਆ ਕਿ:

**ਆਪਨ ਆਰਬਲਾ ਅਬਿ ਮੈਂ ਦੇਵੋ।**

ਗੁਰੂ ਅਮਰਦਾਸ ਜੀ ਨੇ ਆਪਣੀ ਜ਼ਿੰਦਗੀ ਦੇ ਸੱਤ ਸਾਲ ਗੁਰੂ ਰਾਮਦਾਸ ਜੀ ਨੂੰ ਦਿੱਤੇ। ਗੁਰੂ ਅਰਜਨ ਦੇਵ ਜੀ ਨੇ ਗੁਰੂ ਅਮਰਦਾਸ ਜੀ ਦੀ ਗੋਦ ਦਾ ਗਿਆਰਾਂ ਸਾਲ ਚਾਰ ਮਹੀਨੇ ਤੇ ਸਤਾਰਾਂ ਦਿਨ ਨਿੱਘ ਮਾਣਿਆ।ਫਿਰ ਗੁਰੂ ਰਾਮਦਾਸ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਗੁਰੂ ਰਾਮਦਾਸ ਜੀ ਦੀ ਛੱਤਰ ਛਾਇਆ ਹੇਠ ਸੱਤ ਸਾਲ ਰਹੇ। ਗਿਆਨੀ ਗਿਆਨ ਸਿੰਘ ਲਿੱਖਦੇ ਹਨ ਕਿ ਇੰਨ੍ਹਾਂ ਗਿਆਰਾਂ ਸਾਲਾਂ ਵਿੱਚ ਗੁਰੂ ਅਰਜਨ ਦੇਵ ਜੀ ਇਸ ਵਾਤਾਵਰਨ ਵਿੱਚ ਰਹਿ, ਗੁਰੂ ਗੋਦ ਵਿੱਚ ਪਲ, ਇੱਕ ਧੀਰਜੀ, ਦੂਰ ਅੰਦੇਸ਼ੀ, ਸਤੋਗੁਣੀ ਤੇ ਸਰਬ ਪ੍ਰਕਾਰ ਈਸ਼ਵਰੀ ਬੁੱਧ ਵਾਲੇ ਪੁਰਸ਼ ਬਣ ਗਏ ਸਨ। ਉਹ ਜਾਣ ਗਏ ਸਨ ਕਿ ਗੁਰਗੱਦੀ ਕੁੱਝ ਗ੍ਰਹਿਣ ਕਰਨਾ ਨਹੀ, ਸਗੋਂ ਕੁੱਝ ਦੇਣਾ ਹੈ।

ਆਪਣੇ ਆਤਮਿਕ ਸੁੱਖਾਂ ਵਿੱਚੋਂ ਦਾਨ, ਸੰਗਤਾਂ ਨੂੰ ਪ੍ਰਭੂ ਪ੍ਰੇਮ ਵਿੱਚ ਲਗਾ ਕੇ ਪਾਪਾਂ ਤੋਂ ਦੂਰ ਕਰਨਾ ਹੈ।ਗੁਰੂ ਅਰਜਨ ਦੇਵ ਜੀ ਦੀ ਵਿੱਦਿਆ ਗੁਰੂ ਅਮਰਦਾਸ ਜੀ ਤੋਂ ਗੁਰਮੁੱਖੀ ਦੇ ਅੱਖਰ ਸਿੱਖ ਕੇ ਸ਼ੁਰੂ ਹੋਈ। ਬਾਬਾ ਬੁੱਢਾ ਜੀ ਨੇ ਵੀ ਵਿੱਦਿਆ ਸਿਖਾਈ। ਬਾਬਾ ਮੋਹਰੀ ਜੀ ਨੇ ਗਣਿਤ ਤੇ ਹੋਰ ਵਿਦਿਆ ਸਿਖਾਈ। ਭਾਈ ਗੁਰਦਾਸ ਜੀ ਤੇ ਭਾਈ ਸਾਵਨ ਮੱਲ ਜੀ ਆਪ ਦੇ ਸਹਿਪਾਠੀ ਸਨ। ਦੇਵ ਨਾਗਰੀ ਪਿੰਡ ਦੀ ਚਾਟਸਾਲ ਪਾਂਧੇ ਕੋਲੋਂ ਸਿੱਖੀ। ਫ਼ਾਰਸੀ ਅੱਖਰ ਪਿੰਡ ਦੇ ਮਕਤਬ ਵਿੱਚੋਂ ਸਿੱਖੇ। ਸੰਸਕ੍ਰਿਤ ਪੰਡਿਤ ਬੇਣੀ ਪਾਸੋਂ ਸਿਖੀ। ਬਾਬਾ ਮੋਹਨ ਜੀ ਤੋਂ ਧਿਆਨ ਜੋੜਨ ਦੀ ਵਿਧੀ ਬਚਪਨ ਵਿੱਚ ਹੀ ਸਿੱਖ ਲਈ ਸੀ।ਕੀਰਤਨ ਗੁਰੂ ਅਰਜਨ ਦੇਵ ਜੀ ਆਪ ਹੀ ਕਰਨ ਲੱਗ ਪਏ ਸਨ।ਸਰਮਾਇਆ-ਇ-ਇਸ਼ਰਤ ਦਾ ਲਿਖਾਰੀ ਲਿੱਖਦਾ ਹੈ ਕਿ ਗੁਰੂ ਜੀ ਸਿਰੰਦਾ ਬਹੁਤ ਅੱਛਾ ਵਜਾਂਦੇ ਸਨ। ਰਾਗਾਂ ਦੇ ਉਹ ਮਾਹਿਰ ਸਨ। ਘੋੜ ਸਵਾਰੀ ਦੇ ਉਹ ਮਾਹਿਰ ਸਨ। ਨੇਜ਼ਾਬਾਜ਼ੀ ਉਹਨਾਂ ਵਰਗੀ ਕੋਈ ਨਹੀ ਸੀ ਕਰ ਸਕਦਾ। ਇਸ ਦਾ ਪ੍ਰਮਾਣ ਉਹਨਾਂ ਦੇ ਵਿਆਹ ਸਮੇਂ ਤੋਂ ਮਿਲਦਾ ਹੈ।ਜਦੋਂ ਪਿੰਡ ਮਉ ਮਾਤਾ ਗੰਗਾ ਜੀ ਨੂੰ ਵਿਆਹੁਣ ਗਏ ਸਨ ਤਾਂ ਪਿੰਡ ਵਾਲਿਆਂ ਨੇ ਧੋਖੇ ਨਾਲ ਇੱਕ ਜੰਡ ਦੇ ਦਰੱਖਤ ਨੂੰ ਉੱਪਰੋਂ ਕੱਟ ਕੇ ਕਿੱਲੀ ਜਿਹੀ ਬਣਾ ਦਿੱਤੀ ਤੇ ਕਿਹਾ ਕਿ ਸਾਡੇ ਪਿੰਡ ਦਾ ਰਿਵਾਜ਼ ਹੈ ਕਿ ਵਿਆਹੁਣ ਆਏ ਲੜਕੇ ਨੂੰ ਨੇਜ਼ਾਬਾਜ਼ੀ ਕਰਕੇ ਕਿੱਲੀ ਪੁੱਟਣੀ ਪੈਂਦੀ ਹੈ ਤਾਂ ਗੁਰੂ ਜੀ ਨੇ ਪਹਿਲੇ ਹੱਲੇ ਹੀ ਜੰਡ ਦੇ ਦਰੱਖਤ ਨੂੰ ਨੇਜ਼ਾ ਮਾਰ ਕੇ ਜੜ੍ਹੋ ਉਖਾੜ ਕੇ ਰੱਖ ਦਿੱਤਾ ਸੀ।

ਲੰਗਰ ਦੇ ਜੂਠੇ ਬਰਤਨ ਆਪਣੇ ਹੱਥੀਂ ਸਾਫ ਕਰਦੇ ਸਨ। ਰਾਤ ਨੂੰ ਸੰਗਤ ਦੀ ਮੁੱਠੀ ਚਾਪੀ ਕਰਦੇ ਤੇ ਹੱਥੀਂ ਪੱਖਾ ਫੇਰਨ ਦੀ ਸੇਵਾ ਕਰਦੇ ਸਨ। ਇੰਨ੍ਹੀ ਨਿਮਰਤਾ ਸੀ ਸਾਹਿਬ ਜੀ ਵਿੱਚ।ਗੁਰੂ ਜੀ ਦਾ ਜੀਵਨਕਾਲ 43 ਸਾਲਾਂ ਦਾ ਅਰਸਾ ਹੈ। ਉਹਨਾਂ ਦੁਆਰਾ ਕੀਤੇ ਕਾਰਜਾਂ ਦਾ ਵੇਰਵਾ ਹੈਰਾਨ ਕਰਨ ਵਾਲਾ ਹੈ।ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦਾ ਨਿਰਮਾਣ, ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਦਾ ਸੰਕਲਨ, ਨਵੇਂ ਨਗਰਾਂ ਦੀ ਸਥਾਪਨਾ ਤੇ ਵਿਕਾਸ, ਸਿੱਖੀ ਦਾ ਪਸਾਰ ਤੇ ਸੰਗਠਨ ਤੇ ਧਰਮ ਦੀ ਰੱਖਿਆ ਹਿੱਤ ਆਪਣਾ ਬਲੀਦਾਨ ਗੁਰੂ ਸਾਹਿਬ ਜੀ ਦੇ ਅਹਿਮ ਕਾਰਜ ਸਨ, ਜਿੰਨ੍ਹਾਂ ਦਾ ਪ੍ਰਭਾਵ ਪੰਜਾਬ ਹੀ ਨਹੀ, ਭਾਰਤ ਦੇ ਜਨਜੀਵਨ ਉੱਤੇ ਅਮਿੱਟ ਛਾਪ ਛੱਡ ਗਿਆ ਹੈ। ਉਹਨਾਂ ਨੇ ਅੰਮ੍ਰਿਤਸਰ ਦਾ ਨਿਰਮਾਣ ਕਰਵਾਇਆ, ਅੰਮ੍ਰਿਤਸਰ ਦੇ ਸਰੋਵਰ ਤੋਂ ਬਿਨ੍ਹਾਂ, ਸੰਤੋਖਸਰ ਤੇ ਤਰਨਤਾਰਨ ਸਾਹਿਬ ਦੇ ਸਰੋਵਰ ਖੁਦਵਾਏ ਤੇ ਮੁਕੰਮਲ ਕਰਵਾਏ। ਛੇਹਰਟਾ ਅੰਮ੍ਰਿਤਸਰ ਵਿਖੇ ਛੇਹਰਟਾਂ ਵਾਲਾ ਖੂਹ ਲਗਵਾਇਆ, ਕਰਤਾਰਪੁਰ ਵਸਾਇਆਂ, ਬਉਲੀਆਂ ਤੇ ਖੂਹਾਂ ਦੀ ਖੁਦਵਾਈ ਕਰਵਾਈ।ਅੰਮ੍ਰਿਤਸਰ ਸਾਹਿਬ ਵਿੱਚ ਹਰੀਮੰਦਰ ਸਾਹਿਬ ਦੀ ਸਥਾਪਨਾ ਕੀਤੀ ਤੇ ਸ਼ਹਿਰ ਵਸਾਇਆ। ਹਰ ਕਿਤੇ ਦੇ ਲੋਕਾਂ ਨੂੰ ਇੱਥੇ ਲਿਆ ਕੇ ਵਸਾਇਆ। ਅੱਜ ਵੀ ਉਸੇ ਨਾਮ ਨਾਲ ਹੀ ਬਜ਼ਾਰ ਮਸਹੂਰ ਹਨ ਜਿਵੇ: ਚਾਵਲ ਮੰਡੀ, ਆਟਾ ਮੰਡੀ, ਲੱਕੜ ਮੰਡੀ, ਦਾਣਾ ਮੰਡੀ, ਘਿਉ ਮੰਡੀ, ਲੂਣ ਮੰਡੀ, ਗੁਰੂ ਬਜ਼ਾਰ ਆਦਿ ਹੋਰ ਵੀ ਕਈ ਬਜ਼ਾਰ ਹਨ।ਪ੍ਰੋ: ਪੂਰਨ ਸਿੰਘ ਲਿੱਖਦੇ ਹਨ ਕਿ: 'ਪੰਜਾਬ ਵੱਸਦਾ ਗੁਰਾਂ ਦੇ ਨਾਂ ਤੇ' ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇੱਕ ਪੁੱਛ ਦੇ ਉੱਤਰ ਵਿੱਚ ਕਿਹਾ ਸੀ ਕਿ:

**ਸਿਖ ਨਹੀ ਕੋਈ (ਗੁਰੂ) ਅੰਗਦ ਜੇਹਾ ਹੋਆ।**
**ਟਹਲੀਆ ਨਹੀ ਕੋਈ (ਗੁਰੂ) ਅਮਰਦਾਸ ਜੇਹਾ ਖੜੋਇਆ।**
**ਸਾਕ ਨਹੀ ਕੋਈ ਰਾਮਦਾਸ ਜੈਸਾ।**
**ਪੁਤਰ ਨਹੀ ਕੋਈ ਅਰਜਨ ਵੈਸਾ।**

ਗੁਰੂ ਅਰਜਨ ਦੇਵ ਜੀ ਨੇ ਜੇਹੜਾ ਮਹਾਨ ਕਾਰਜ ਕੀਤਾ, ਉਹ ਆਦਿ ਬੀੜ ਦੀ ਸੰਪਾਦਨਾ ਦਾ ਕੰਮ ਸੀ। ਜਿਸ ਵਿੱਚ ਪੰਜ ਗੁਰੂ ਸਹਿਬਾਨ ਤੇ ਬਾਕੀ ਤਕਰੀਬਨ 30 ਦੇ ਕਰੀਬ ਭੱਟਾਂ, ਭਗਤਾਂ, ਗੁਰਸਿੱਖਾਂ ਤੇ ਸੰਤਾਂ ਦੀ ਬਾਣੀ ਨੂੰ ਸ਼ਾਮਿਲ ਕੀਤਾ ਗਿਆ ਹੈ। ਰਾਮਸਰ ਸਾਹਿਬ ਅੰਮ੍ਰਿਤਸਰ ਸਾਹਿਬ ਵਿੱਚ ਭਾਈ ਗੁਰਦਾਸ ਜੀ ਤੋਂ ਲਿਖਵਾ ਕੇ ਬਾਣੀ ਦੀ 'ਪੋਥੀ ਸਾਹਿਬ' ਤਿਆਰ ਕਰਨ ਦਾ ਮਹਾਨ ਕਾਰਜ ਕੀਤਾ।ਆਦਿ ਬੀੜ ਦਾ ਪਹਿਲਾ ਪ੍ਰਕਾਸ਼ ਸੱਚਖੰਡ ਸ੍ਰੀ ਹਰੀਮੰਦਰ ਸਾਹਿਬ ਵਿੱਚ 1604 ਈ: ਵਿੱਚ ਹੋਇਆ ਤੇ ਹਰੀਮੰਦਰ ਸਾਹਿਬ ਦੇ ਪਹਿਲੇ ਹੈਡ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਬਣਾਇਆ ਗਿਆ ਤੇ ਜੋ ਪਹਿਲਾ ਮੁੱਖਵਾਕ ਆਇਆ 'ਸੰਤਾਂ ਕੇ ਕਾਰਜ ਆਪ ਖਲੋਆ' ਸੀ। ਜਾਬਰ ਤੇ ਜ਼ਾਲਮ ਮੁਗਲਾਂ ਨਾਲ ਟੱਕਰ ਬਾਬਰ ਤੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਚਲੀ ਆ ਰਹੀ ਸੀ। ਵੈਸੇ ਅਕਬਰ ਦੇ ਗੁਰੂ ਘਰ ਨਾਲ ਸਬੰਧ ਅੱਛੇ ਸਨ। ਅਕਬਰ ਦੀ ਮੌਤ 1605 ਵਿੱਚ ਹੁੰਦੀ ਹੈ। ਅਕਬਰ ਦੀ ਮੌਤ ਤੋਂ ਬਾਦ ਉਸਦਾ ਪੁੱਤਰ (ਸਲੀਮ) ਜਹਾਂਗੀਰ ਗੱਦੀ ਤੇ ਬੈਠਦਾ ਹੈ।

ਸਾਖੀਕਾਰ ਲਿੱਖਦੇ ਹਨ ਕਿ ਵੱਡਾ ਭਰਾ ਪ੍ਰਿਥੀ ਚੰਦ ਗੁਰੂ ਜੀ ਨਾਲ ਈਰਖਾ ਕਰਦਾ ਸੀ ਕਿ ਗੁਰਗੱਦੀ ਉਸਨੂੰ ਨਹੀ ਸੀ ਮਿਲੀ। ਪ੍ਰਿਥੀ ਚੰਦ ਸਮਝਦਾ ਸੀ ਕਿ ਗੁਰਗੱਦੀ ਤੇ ਮੇਰਾ ਹੱਕ ਹੈ। ਇਸ ਲਈ ਉਸਨੇ ਆਪਣੇ ਪਿਤਾ ਗੁਰੂ ਰਾਮਦਾਸ ਜੀ ਤੇ ਛੋਟੇ ਭਰਾ ਗੁਰੂ ਅਰਜਨ ਦੇਵ ਜੀ ਨਾਲ ਕਈ ਝਗੜੇ ਵੀ ਕੀਤੇ। ਪ੍ਰਿਥੀ ਚੰਦ ਕਈ ਵਾਰੀ ਸ਼ਿਕਾਇਤਾਂ ਕਰਕੇ ਅਕਬਰ ਨੂੰ ਵੀ ਭੜਕਾ ਚੁੱਕਿਆ ਸੀ।ਜਦ ਆਦਿ ਗ੍ਰੰਥ ਦੀ ਬੀੜ ਸਾਹਿਬ ਤਿਆਰ ਹੋਈ ਤਾਂ ਪ੍ਰਿਥੀ ਚੰਦ ਨੇ ਅਕਬਰ ਨੂੰ ਸ਼ਿਕਾਇਤ ਕੀਤੀ ਕਿ ਇਸ ਵਿੱਚ ਹਿੰਦੂ ਤੇ ਮੁਸਲਮਾਨ ਦੋਹਾਂ ਦੀ ਨਿਖੇਧੀ ਕੀਤੀ ਗਈ ਹੈ।ਉਸਨੇ ਗੁਰੂ ਅਰਜਨ ਦੇਵ ਜੀ ਨੂੰ ਬੁਲਾਵਾ ਭੇਜਿਆ ਤਾਂ ਗੁਰੂ ਜੀ ਨੇ ਆਦਿ ਬੀੜ ਦੇ ਕੇ ਆਪਣੇ ਵੱਲੋਂ ਭਾਈ ਗੁਰਦਾਸ ਜੀ ਨੂੰ ਭੇਜਿਆ। ਅਕਬਰ ਨੇ ਬੜੇ ਹੀ ਅਦਬ ਸਤਿਕਾਰ ਨਾਲ ਬੀੜ ਸਾਹਿਬ ਦੇ ਦਰਸ਼ਨ ਕੀਤੇ ਤੇ ਵਿੱਚੋਂ ਕੁੱਝ ਸ਼ਬਦ ਸੁਣੇ ਤੇ ਬੀੜ ਸਾਹਿਬ ਨੂੰ ਹੋਰ ਆਦਰ ਸਤਿਕਾਰ ਦਿੱਤਾ। ਅਕਬਰ ਦੀ ਮੌਤ ਤੋਂ ਬਾਦ ਜਦ ਉਸਦਾ ਪੁੱਤਰ ਜਹਾਂਗੀਰ ਗੱਦੀ ਤੇ ਬੈਠਾ ਤਾਂ ਉਸਨੇ ਆਪਣੇ ਧਰਮ ਨੂੰ ਛੱਡ ਕੇ ਦੂਜੇ ਧਰਮਾਂ ਤੇ ਸਿਕੰਜ਼ਾ ਕੱਸਣਾ ਸੁਰੂ ਕਰ ਦਿੱਤਾ। ਉਸਦੇ ਦੋ ਦਰਬਾਰੀ ਸ਼ੇਖ ਅਹਿਮਦ ਸਰਹੰਦੀ (ਮੁਜੱਦਿਦ) ਤੇ ਫਰੀਦ ਬਖਸ਼ (ਨਵਾਬ ਮੁਰਤਜ਼ਾ ਖਾਨ) ਜੋ ਅਕਬਰ ਦੀਆਂ ਨੀਤੀਆਂ ਨੂੰ ਪਸੰਦ ਨਹੀ ਸਨ ਕਰਦੇ। ਉਹ ਜਹਾਂਗੀਰ ਦੀ ਹਮਾਇਤ ਤੇ ਖਲੋ ਗਏ। ਉਹਨਾਂ ਨੇ ਜਹਾਂਗੀਰ ਨੂੰ (ਬਾਦਸ਼ਾਹਿ-ਇਸਲਾਮ) ਘੋਸ਼ਿਤ ਕਰ ਦਿੱਤਾ।ਪਹਿਲਾ ਸਾਲ ਜਹਾਂਗੀਰ ਨੇ ਆਪਣੇ ਪੁੱਤਰ ਖੁਸਰੋ ਦੀ ਬਗਾਵਤ ਨੂੰ ਦਬਾਉਣ ਵੱਲ ਧਿਆਨ ਦਿੱਤਾ ਤੇ ਪਹਿਲਾ ਕੰਮ ਜਹਾਂਗੀਰ ਨੇ ਗੁਰੂ ਘਰਾਣੇ ਨੂੰ ਦਬਾਉਣ ਦਾ ਕੀਤਾ।

ਜਹਾਂਗੀਰ ਆਪਣੀ ਲਿੱਖਤ 'ਤੁਜ਼ਕੇ ਜਹਾਂਗੀਰੀ' ਵਿੱਚ ਲਿੱਖਦਾ ਹੈ ਕਿ 'ਮੈਂ ਆਪ ਹੁਕਮ ਦਿੱਤਾ ਕਿ ਗੁਰੂ ਅਰਜਨ ਦੇਵ ਨੂੰ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਏ ਤੇ ਉਹਨਾਂ ਦਾ ਘਰ ਘਾਟ ਮੁਰਤਜ਼ਾ ਖਾਨ ਜ਼ਬਤ ਕਰ ਲਵੇ। ਜਹਾਂਗੀਰ ਨੇ ਗੁਰੂ ਜੀ ਤੇ ਦੋਸ਼ ਲਾਇਆ ਕਿ ਇਸ ਨੇ ਮੇਰੇ ਦੁਸ਼ਮਣ ਮੇਰੇ ਪੁੱਤਰ ਖੁਸਰੋ ਦੀ ਮਦਦ ਕੀਤੀ ਸੀ। ਪਰ ਭਾਈ ਵੀਰ ਸਿੰਘ ਜੀ 'ਸ੍ਰੀ ਅਸ਼ਟ ਗੁਰੂ ਚਮਤਕਾਰ ਭਾਗ-2 ਦੇ ਪੰਨਾ 90-91 ਤੇ ਦਲੀਲਾਂ ਦੇ ਕੇ ਪ੍ਰਸਿੱਧ ਹਿਸਟੋਰੀਅ ਐਲਫਿਨ ਸਟੋਨ ਅਤੇ ਸ੍ਰ. ਕਰਮ ਸਿੰਘ ਹਿਸਟੋਰੀਅਨ ਦੇ ਹਵਾਲੇ ਦੇ ਕੇ ਸਿੱਧ ਕਰਦੇ ਹਨ ਕਿ ਸ਼ਹਿਜ਼ਾਦਾ ਖੁਸਰੋ ਦਾ ਸਤਿਗੁਰੂ ਜੀ ਨਾਲ ਮੇਲ ਹੋਇਆ ਹੀ ਨਹੀ ਸੀ।

ਜਹਾਂਗੀਰ ਲਿੱਖਦਾ ਹੈ ਕਿ ਤਿੰਨ ਚਾਰ ਪੀੜ੍ਹੀਆਂ ਤੋਂ ਇੰਨ੍ਹਾਂ ਨੇ ਸਿੱਖੀ ਦੀ ਦੁਕਾਨ ਗਰਮ ਕਰ ਰੱਖੀ ਹੈ। ਚਿਰ ਤੋਂ ਮੇਰੇ ਦਿਲ ਵਿੱਚ ਇਹ ਗੱਲ ਆਉਂਦੀ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦਿੱਤਾ ਜਾਏ ਤੇ ਜਾ ਉਸਨੂੰ (ਗੁਰੂ ਅਰਜਨ ਦੇਵ ਜੀ ਨੂੰ) ਦੀਨ ਇਸਲਾਮ ਦੀ ਜਮਾਤ ਵਿੱਚ ਲੈ ਆਂਦਾ ਜਾਏ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਜਿਹੜੇ ਮੂਲ ਕਾਰਨ ਸਨ, ਉਹ ਇਹ ਸਨ ਕਿ: ਪ੍ਰਿਥੀ ਚੰਦ ਨੂੰ ਗੁਰਗੱਦੀ ਨਾ ਮਿਲਣਾ, ਜਿਸ ਲਈ ਉਸਨੇ ਜਹਾਂਗੀਰ ਕੋਲ ਵੀ ਗੁਰੂ ਅਰਜਨ ਦੇਵ ਜੀ ਪ੍ਰਤੀ ਸ਼ਿਕਾਇਤਾਂ ਕੀਤੀਆਂ। ਪ੍ਰਿਥੀ ਚੰਦ ਨੇ ਸੁਲਹੀ ਖਾਨ ਨੂੰ ਲਾਲਚ ਦੇ ਕੇ, ਭੜਕਾ ਕੇ ਗੁਰੂ ਅਰਜਨ ਦੇਵ ਜੀ ਨੂੰ ਨੁਕਸਾਨ ਪਹੁੰਚਾਉਣ ਲਈ ਕਿਹਾ। ਸੁਲਹੀ ਖਾਨ ਫੋਜਾਂ ਚਾੜ੍ਹ ਕੇ ਆ ਰਿਹਾ ਸੀ ਕਿ ਰਸਤੇ ਵਿੱਚ ਪ੍ਰਿਥੀ ਚੰਦ ਦਾ ਭੱਠਾ ਵੇਖਣ ਲਈ ਰੁਕਿਆ ਤੇ ਉੱਥੇ ਮਧੂ ਮੱਖੀਆਂ ਛਿੜੀਆਂ ਹੋਣ ਦੇ ਕਾਰਨ ਸੁਲਹੀ ਖਾਨ ਦਾ ਘੋੜਾ ਡਰ ਕੇ ਜਿੱਥੇ ਇੱਟਾਂ ਪੱਕਦੀਆਂ ਹਨ, ਉਸ ਆਵੇ ਵਿੱਚ ਵੜ ਗਿਆ ਤੇ ਘੋੜੇ ਸਮੇਤ ਸੁਲਹੀ ਖਾਨ ਅੱਗ ਵਿੱਚ ਸੜ ਕੇ ਸੁਆਹ ਹੋ ਗਿਆ। ਗੁਰੂ ਅਰਜਨ ਦੇਵ ਜੀ ਇਸ ਗੱਲ ਤੇ ਪ੍ਰਮਾਤਮਾ ਦਾ ਸ਼ੁਕਰਾਨਾ ਕਰਦਿਆਂ ਆਪਣੇ ਪਾਵਨ ਮੁੱਖ ਚੋਂ ਸ਼ਬਦ ਉਚਾਰਦੇ ਹਨ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 825 ਤੇ ਸੁਭਾਇਮਾਨ ਹੈ:

**ਬਿਲਾਵਲ ਮਹਲਾ 5**
**ਸੁਲਹੀ ਤੇ ਨਾਰਾਇਣ ਰਾਖੁ।।**
**ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ।ਰਹਾਉ।।**
**ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ।।**
**ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ।।**
**ਪੁਤ੍ਰ ਮੀਤ ਧਨੁ ਕਿਛੂ ਨ ਰਹਿਓ ਸੁ ਛੋਡਿ ਗਇਆ ਸਭ ਭਾਈ ਸਾਕੁ।।**
**ਕਹੁ ਨਾਨਕ ਤਿਸੁ ਪ੍ਰਭ ਬਲਿਹਾਰੀ ਜਿਨਿ ਜਨ ਕਾ ਕੀਨੋ ਪੂਰਨ ਵਾਕੁ।।**

ਦੂਜਾ ਚੰਦੂ ਦੀ ਲੜਕੀ ਦਾ ਰਿਸ਼ਤਾ ਨਾ ਲੈਣਾ, ਤੀਜਾ ਕਾਹਨਾ, ਛੱਜੂ, ਪੀਲੂ ਤੇ ਸ਼ਾਹ ਹੁਸੈਨ ਦੀਆਂ ਲਿੱਖਤਾਂ ਨੂੰ ਗੁਰੂ ਗ੍ਰੰਥ ਵਿੱਚ ਦਰਜ ਨਾ ਕਰਨਾ। ਚੌਥਾ ਜਹਾਂਗੀਰ ਨੇ ਕਿਹਾ ਕਿ 'ਹਜ਼ਰਤ ਮੁਹੰਮਦ ਸਾਹਿਬ ਦੀ ਸਿਫਤ ਗੁਰੂ ਗ੍ਰੰਥ ਸਾਹਿਬ ਵਿਚ ਲਿਖ ਦੇਵੋ, ਤਾਂ ਗੁਰੂ ਸਾਹਿਬ ਨੇ ਕਿਹਾ ਕਿ 'ਅਸੀਂ ਸੱਚੇ ਧਰਮ ਦੇ ਪ੍ਰਚਾਰ ਵਾਸਤੇ ਆਏ ਹਾਂ। ਝੂਠੀ ਤਾਰੀਫ ਅਸੀਂ ਨਹੀਂ ਕਰ ਸਕਦੇ'। ਨਾ ਲਿੱਖਣਾ ਵੀ ਹੈ। ਇਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਮੂਲ ਕਾਰਨ ਸਨ। ਜਹਾਂਗੀਰ ਨੇ ਫੈਸਲਾ ਕਰ ਲਿਆ ਕਿ ਗੁਰੂ ਅਰਜਨ ਦੇਵ ਨੂੰ ਗਿਫ੍ਰਤਾਰ ਕਰਕੇ ਮੇਰੇ ਸਾਹਮਣੇ ਪੇਸ਼ ਕੀਤਾ ਜਾਏ ਤੇ ਬੱਚੇ ਮੁਰਤਜ਼ਾ ਖਾਨ ਦੇ ਹਵਾਲੇ ਕੀਤੇ ਜਾਣ ਤੇ ਗੁਰੂ ਅਰਜਨ ਦੇਵ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਏ। ਜਹਾਂਗੀਰ ਦਾ ਹੁਕਮ 23 ਮਈ 1606 ਨੂੰ ਹੋਇਆ।29 ਮਈ 1606 ਨੂੰ ਗੁਰੂ ਜੀ ਨੂੰ ਮੁਰਤਜ਼ਾ ਖਾਨ ਵੱਲੋਂ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਗਿਆ।ਪੰਜ ਸਿੱਖ ਗੁਰੂ ਜੀ ਨਾਲ ਲਾਹੌਰ ਤੱਕ ਗਏ। ਲਾਹੌਰ ਤੋਂ ਗੁਰੂ ਜੀ ਨੇ ਉਹਨਾਂ ਨੂੰ ਵਾਪਸ ਮੋੜ ਦਿੱਤਾ। ਜੇਠ ਹਾੜ ਦੀ ਤਪੀ ਧੁੱਪ ਵਿੱਚ ਗੁਰੂ ਜੀ ਨੂੰ ਤਸੀਹੇ ਦਿੱਤੇ ਗਏ। ਇਸ ਸਮੇਂ ਸਾਂਈ ਮੀਆਂ ਮੀਰ ਜੀ ਵੀ ਗੁਰੂ ਜੀ ਪਾਸ ਆਏ ਤੇ ਗੁਰੂ ਜੀ ਨੇ ਸਾਈਂ ਜੀ ਨੂੰ ਮਾਲਕ ਦਾ ਭਾਣਾ ਮੰਨਣ ਲਈ ਕਿਹਾ। ਫਿਰ ਸਤਿਗੁਰੂ ਜੀ ਨੂੰ ਉੱਬਲਦੀ ਦੇਗ ਵਿਚ ਬਿਠਾਇਆ ਗਿਆ।ਆਪ ਸ਼ਾਤ ਚਿੱਤ ਰਹੇ। ਫਿਰ ਤੱਤੀ ਤਵੀ ਤੇ ਬਿਠਾਇਆ ਗਿਆ। ਸਿਰ ਵਿੱਚ ਤੱਤੀ ਰੇਤਾ ਪਾਈ ਗਈ।ਪਾਪੀਆਂ ਨੇ ਜ਼ੁਲਮ ਦੀ ਇੰਤਹਾ ਕਰ ਦਿੱਤੀ, ਪਰ ਗੁਰੂ ਜੀ ਸ਼ਾਤ ਚਿੱਤ ਬਾਣੀ ਪੜ੍ਹਦੇ ਰਹੇ। 'ਤੇਰਾ ਕੀਆ ਮੀਠਾ ਲਾਗੇ' ਉਸ ਮਾਲਿਕ ਦਾ ਭਾਣਾ ਮਿੱਠਾ ਕਰਕੇ ਮੰਨਿਆ। ਭਾਈ ਰਤਨ ਸਿੰਘ ਭੰਗੂ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਲਿੱਖਦੇ ਹਨ ਕਿ:

**ਗੁਰ ਅਰਜਨ ਦਰਿਆ ਨ ਬੋੜਯੋ।**

ਕੇਸਰ ਸਿੰਘ ਛਿੱਬਰ 'ਬੰਸਾਵਲੀਨਾਮਾ' ਵਿੱਚ ਲਿੱਖਦੇ ਹਨ ਕਿ, ਦੇਗ ਵਿੱਚ ਉਬਾਲਣ ਤੋਂ ਬਾਦ ਸਤਿਗੁਰੂ ਜੀ ਦੇ ਸਰੀਰ ਨੂੰ ਰੱਸੀਆਂ ਨਾਲ ਬੰਨ੍ਹ ਕੇ ਰਾਵੀ ਦੇ ਕਿਨਾਰੇ ਤੱਤੀ ਰੇਤ ਵਿੱਚ ਸੁੱਟਿਆ ਗਿਆ, ਇੱਥੇ ਹੀ ਬੱਸ ਨਹੀ, ਫਿਰ ਸੰਗਸਾਰ ਕੀਤਾ ਗਿਆ ਅਤੇ ਬੱਧਾ ਬਧਾਇਆ ਸਰੀਰ ਰਾਵੀ ਵਿੱਚ ਰੋੜ ਦਿੱਤਾ ਗਿਆ।

**ਸੋ ਬਧੇ ਹੀ ਦਿਤੇ ਨਦੀ ਰੁੜਾਏ।**

ਡਾ: ਗੰਡਾ ਸਿੰਘ ਵੀ ਲਿੱਖਦਾ ਹੈ ਕਿ ਬਾਦਸ਼ਾਹ ਦਾ ਹੁਕਮ ਸੀ 'ਯਾਸਾ' ਅਨੁਸਾਰ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕੀਤਾ ਜਾਏ। 'ਯਾਸਾ' ਤੁਰਕਾਂ ਦਾ ਕਾਨੂੰਨ ਹੈ, ਜਿਸਦਾ ਭਾਵ ਇਹ ਹੈ ਕਿ ਲਹੂ ਬਹਾਏ ਬਗੈਰ ਦਰਵੇਸ਼ ਜਾਂ ਫਕੀਰ ਨੂੰ ਸ਼ਹੀਦ ਕੀਤਾ ਜਾਏ। ਇਸ ਅਨੁਸਾਰ ਗੁਰੂ ਅਰਜਨ ਦੇਵ ਜੀ ਨੂੰ ਦਰਿਆ ਵਿੱਚ ਰੋੜ ਦਿੱਤਾ ਗਿਆ।ਇਸ ਤਰ੍ਹਾਂ ਜ਼ਾਲਿਮ ਤਸੀਹੇ ਦਿੰਦੇ ਰਹੇ ਤੇ ਛੇਵੇਂ ਦਿਨ ਜੇਠ ਸੁਦੀ ਚੌਥ ਸੰਮਤ 1663, 30 ਮਈ 1606 ਈ: ਨੂੰ ਅਕਹਿ ਕਸ਼ਟ ਸਹਾਰਦੇ ਹੋਏ ਰਾਵੀ ਦਰਿਆ ਦੇ ਕੰਢੇ ਤੇ ਜੋਤੀ ਜੋਤ ਸਮਾ ਗਏ।ਭੱਟ ਮਥੁਰਾ ਜੀ ਫੁਰਮਾਉਂਦੇ ਹਨ ਕਿ:

**ਜਪ੍ਹਉ ਜਿਨ੍ਹ ਅਰਜੁਨ ਦੇਵ ਗੁਰੂ**
**ਫਿਰਿ ਸੰਕਟ ਜੋਨਿ ਗਰਭ ਨ ਆਯਉ।। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ- 1409**

ਭਾਵ ਕਿ ਹੇ ਮਥੁਰਾ! ਹੁਣ ਸੱਚੀ ਵਿਚਾਰ ਇਹ ਹੈ ਕਿ ਜਗਤ ਨੂੰ ਤਾਰਨ ਲਈ (ਹਰੀ ਨੇ ਗੁਰੂ ਅਰਜਨ) ਅਵਤਾਰ ਬਣਾਇਆ ਹੈ। ਜਿੰਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਜਪਿਆ ਹੈ, ਉਹ ਪਰਤ ਕੇ ਗਰਭ ਜੂਨ ਤੇ ਦੁੱਖਾਂ ਵਿੱਚ ਨਹੀ ਆਏ।ਆਉ ਆਪਾਂ ਵੀ ਸਾਰੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਤੇ ਪ੍ਰਣ ਕਰਕੇ ਗੁਰੂ ਵਾਲੇ ਬਣੀਏ ਤੇ ਗੁਰੂ ਸਹਿਬਾਨ ਦੇ ਦਰਸਾਏ ਮਾਰਗ ਤੇ ਚੱਲ ਕੇ ਆਪਣਾ ਜੀਵਨ ਸਫਲ ਬਣਾਈਏ।

**-ਧਰਮਿੰਦਰ ਸਿੰਘ (ਚੱਬਾ),**
**ਪਿੰਡ ਤੇ ਡਾਕ: ਚੱਬਾ, ਤਰਨਤਾਰਨ ਰੋਡ, ਅੰਮ੍ਰਿਤਸਰ**

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਅੱਜ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ' ਤੇਰਾ ਭਾਣਾ ਮੀਠਾ ਲਾਗੇ . . .' : ਸ੍ਰੀ ਗੁਰੂ ਅਰਜਨ ਦੇਵ ਜੀ

**ਬਿਸਰਿ ਗਈ ਸਭ ਤਾਤਿ ਪਰਾਈ ।**
**ਜਬ ਤੇ ਸਾਧਸੰਗਤਿ ਮੋਹਿ ਪਾਈ ।**
**ਨਾ ਕੋ ਬੈਰੀ ਨਹੀ ਬਿਗਾਨਾ ,**
**ਸਗਲ ਸੰਗਿ ਹਮ ਕਉ ਬਨਿ ਆਈ ॥**

ਜਦੋਂ ਮਨੁੱਖ ਆਪਣਾ ਨਿਸਾਨਾ ਭੁੱਲ ਜਾਂਦਾ ਹੈ , ਆਪਣੇ ਮਾਰਗ ਤੋਂ ਥਿੜਕ ਜਾਂਦਾ ਹੈ , ਜਦੋਂ ਉਸ ਨੂੰ ਭਵਿੱਖ ਦੀ ਕੋਈ ਵੀ ਆਸ ਟੁੰਬਣ ਦੇ ਯੋਗ ਨਹੀਂ ਰਹਿੰਦੀ , ਜਦੋਂ ਉਸ ਨੂੰ ਵਰਤਮਾਨ ਦੀ ਹਰ ਗੱਲ ਆਪਣੇ ਵੱਲ ਖਿੱਚਦੀ ਹੈ , ਜਦੋਂ ਉਸ ਨੂੰ ਸਭ ਕੁਝ ਹੋਣ ਹਨੇਰਾ-ਹਨੇਰਾ ਜਾਪਦਾ ਹੈ , ਉਦੋਂ ਮਨੁੱਖ ਵਿੱਚ ਚੇਤਨਾ ਪੈਦਾ ਕਰਨ , ਉਸ ਨੂੰ ਆਸ ਦੀ ਸੂਝ ਦੇਣ ਅਤੇ ਸੱਚ ਦਾ ਮਾਰਗ ਵਿਖਾਉਣ ਦੀ ਕੋਈ ਮਹਾਨ ਪੁਰਖ ਜਨਮ ਲੈਂਦਾ ਹੈ ।

ਅਦੁੱਤੀ ਵਿਦਵਤਾ ਅਤੇ ਲਾਸਾਨੀ ਕੁਰਬਾਨੀ ਵਾਲੇ ਮਹਾਨ ਗੁਰੂ , ਸ੍ਰੀ ਗੁਰੂ ਅਰਜਨ ਦੇਵ ਜੀ ਨੇ 1563 ਈ . ਵਿੱਚ ਗੋਇੰਦਵਾਲ ਵਿਖੇ ਜਨਮ ਲਿਆ । ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਅਨਿੰਨ ਭਗਤ ਸ੍ਰੀ ਗੁਰੂ ਰਾਮਦਾਸ ਜੀ ਦਾ ਸੇਵਾ-ਭਾਵ ਅਤੇ ਨਿਰਮਲ ਆਚਰਨ ਵੇਖ ਕੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਨਾਲ ਉਨ੍ਹਾਂ ਦਾ ਵਿਆਹ ਕਰ ਦਿੱਤਾ । ਬੀਬੀ ਭਾਨੀ ਜੀ ਦੀ ਕੁੱਖੋਂ ਮਹਾਨ ਗੁਰੂ ਅਰਜਨ ਦੇਵ ਜੀ ਨੇ ਜਨਮ ਲਿਆ ।ਆਪ ਦਾ ਬਚਪਨ ਗੋਇੰਦਵਾਲ ਵਿੱਚ ਹੀ ਬਤੀਤ ਹੋਇਆ । ਚੁਫੇਰੇ ਭਗਤੀ ਦਾ ਵਾਤਾਵਰਨ ਹੋਣ ਕਾਰਨ ਆਪ ਦੀ ਅਧਿਆਤਮਿਕ ਪ੍ਰਤਿਭਾ ਠੀਕ ਢੰਗ ਨਾਲ ਵਿਕਸਿਤ ਹੋ ਕੇ ਗੁਰੂ ਪਦ ਦੀ ਅਧਿਕਾਰੀ ਬਣੀ ।ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਸੰਪਰਕ ਵਿੱਚੋਂ ਹਾਸਲ ਅਨੁਭਵ ਸਦਕਾ 'ਦੋਹਿਤਾ ਬਾਣੀ ਕਾ ਬੋਹਿਥਾ ' ਹੋ ਨਿਬੜਿਆ ।

ਆਪ ਨੇ ਬਾਬਾ ਬੁੱਢਾ ਜੀ ਪਾਸੋਂ ਗੁਰਮੁਖੀ ਦਾ ਅੱਖਰ ਗਿਆਨ ਹਾਸਲ ਕੀਤਾ ।ਇਸ ਮਗਰੋਂ ਆਪ ਨੇ ਗੁਰਬਾਣੀ ਦਾ ਅਧਿਐਨ ਕੀਤਾ । ਹਿੰਦੀ ਦਾ ਗਿਆਨ ਪਾਂਧਾ ਗੁਪਾਲ ਜੀ ਪਾਸੋਂ ਅਤੇ ਸੰਸਕ੍ਰਿਤ ਪੰਡਤ ਬੇਨੀ ਪਾਸੋਂ ਸਿੱਖੀ ।ਮਹਾਨ ਗੁਰੂਆਂ ਦੀ ਸੰਗਤ ਦਾ ਪ੍ਰਭਾਵ ਵੀ ਆਪ ਨੇ ਗ੍ਰਹਿਣ ਕੀਤਾ ।ਉਹ ਵੀ ਆਪ ਲਈ ਗਿਆਨ ਦਾ ਸਾਗਰ ਬਣੇ . ਆਪ ਦਾ ਵਿਆਹ 1589 ਈ. ਵਿੱਚ ਕ੍ਰਿਸਨ ਚੰਦ ਦੀ ਸਪੁੱਤਰੀ ਬੀਬੀ ਗੰਗਾ ਦੇਵੀ ਨਾਲ ਹੋਇਆ ਜਿਨ੍ਹਾਂ ਤੋਂ ਆਪ ਦੀ ਇੱਕ - ਇੱਕ ਸੰਤਾਨ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਰੂਪ ਵਿੱਚ ਹੋਈ ।

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਗੁਰੂ ਪਿਤਾ ਨਾਲ ਅਥਾਹ ਪਿਆਰ ਸੀ ।ਪਿਤਾ ਜੀ ਨੇ ਆਪ ਨੂੰ ਲਾਹੌਰ ਅਪਣੇ ਕਿਸੇ ਰਿਸਤੇਦਾਰ ਦੇ ਲੜਕੇ ਦੇ ਵਿਆਹ ਵਿੱਚ ਸਾਮਲ ਹੋਣ ਲਈ ਭੇਜਿਆ ।ਆਪ ਨੂੰ ਆਦੇਸ ਸੀ ਕਿ ਜਦੋਂ ਤੱਕ ਆਪ ਨੂੰ ਬੁਲਾਇਆ ਨਾ ਜਾਵੇ ਉੱਨੀ ਦੇਰ ਲਾਹੌਰ ਹੀ ਰਹਿਣਾ । ਗੁਰੂ ਪਿਤਾ ਰਾਮਦਾਸ ਜੀ ਵਲੋਂ ਵਾਪਸ ਨਾ ਬੁਲਾਏ ਜਾਣ ਕਾਰਨ ਆਪ ਉਨਾਂ ਦਾ ਵਿਛੋੜਾ ਸਹਿਣ ਨਹੀਂ ਕਰ ਸਕੇ ।ਆਪ ਨੇ ਇਹ ਸਬਦ ਉਚਾਰਿਆ :

**'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ।**
**ਬਿਲਪ ਕਰੇ ਚਾਤ੍ਰਿਕ ਕੀ ਨਿਆਈ ।'**

ਇਸ ਅਥਾਹ ਪਿਆਰ ਅਤੇ ਆਪ ਦੀ ਸੂਝ - ਬੂਝ ਸਦਕਾ ਹੀ ਆਪ ਜੀ ਨੂੰ ਗੁਰਗੱਦੀ ਦਿੱਤੀ ਗਈ ।ਹਾਲਾਂਕਿ ਆਪ ਛੋਟੇ ਸਨ ।ਆਪ ਦਾ ਵੱਡਾ ਭਰਾ ਪ੍ਰਿਥੀ ਚੰਦ ਆਪ ਨਾਲ ਈਰਖਾ ਕਰਦਾ ਸੀ ਪਰ ਸੰਗਤ ਵੀ ਉਸ ਪਿੱਛੇ ਨਾ ਲੱਗੀ ।ਚੁਫੇਰੇ ਦਾ ਤਣਾਓ ਵੀ ਆਪ ਦੀ ਸਹਿਨਸੀਲਤਾ ਨਾਲ ਟਕਰਾਉਂਦਾ ਰਿਹਾ ਪਰ ਆਪ ਹਮੇਸਾਂ ਸਥਿਰ ਰਹੇ।



ਸ੍ਰੀ ਗੁਰੂ ਅਰਜਨ ਦੇਵ ਜੀ ਉੱਚ - ਕੋਟੀ ਦੇ ਕਵੀ ਅਤੇ ਮਹਾਨ ਵਿਦਵਾਨ ਸਨ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੱਧ ਯੁਗ ਦੇ ਧਰਮ ਸਾਧਕਾਂ ਦੇ ਪਵਿੱਤਰ ਬਚਨਾਂ ਦਾ ਮਹੱਤਵਪੂਰਨ ਸੰਗ੍ਰਹਿ ਹੈ । ਇਸ ਗ੍ਰੰਥ ਦੀ ਸੰਪਾਦਨਾ ਆਪ ਦੀ ਵਿਦਵਤਾ , ਸਾਹਿਤਕ ਨਿਪੁੰਨਤਾ ਅਤੇ ਵਿਗਿਆਨਕ ਸੂਝ ਦੀ ਹੈ ।ਪੰਜਾਬ ਦੀ ਇਸ ਨਵੇਕਲੀ ਸੰਪਾਦਨਾ ਰਾਹੀਂ ਗੁਰੂ ਸਾਹਿਬਾਨ ਦੇ ਨਾਲ - ਨਾਲ ਭਗਤਾਂ , ਸੰਤਾਂ , ਭੱਟਾਂ ਅਤੇ ਗੁਰੂ ਘਰ ਦੇ ਨਿਕਟਵਰਤੀ 37 ਵਿਅਕਤੀਆਂ ਨੂੰ ਅਮਰ ਪਦਵੀ ਪ੍ਰਾਪਤ ਹੋ ਗਈ । ਵੱਖ - ਵੱਖ ਛੰਦਾਂ , ਰਾਗਾਂ ਅਤੇ ਕਾਵਿ ਰੂਪਾਂ ਵਾਲੀ ਇਸ ਉੱਚ - ਕੋਟੀ ਦੀ ਪ੍ਰਮਾਣਿਕ ਰਚਨਾ ਬਾਰੇ ਪ੍ਰੋ .ਪੂਰਨ ਸਿੰਘ ਲਿਖਦੇ ਹਨ , " ਸੰਸਾਰ ਦੀ ਮਹਾਨ ਰਚਨਾ ਇਹੀ ਹੈ , ਇਹ ਵੇਦ , ਗੀਤਾ , ਅੰਜੀਲ ਅਤੇ ਕੁਰਾਨ ਦੇ ਪੱਧਰ ਦੀ ਕਵਿਤਾ ਹੈ ਜਿਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੁਰੱਖਿਅਤ ਕੀਤਾ ।" ਆਪ ਨੇ ਇਹ ਬਾਣੀ ਇਕੱਤਰ ਕਰਕੇ ਭਾਈ ਗੁਰਦਾਸ ਜੀ ਕੋਲੋਂ ਲਿਖਵਾਈ।

ਇਸ ਮਹਾਨ ਗ੍ਰੰਥ ਵਿੱਚ ਸਭ ਤੋਂ ਵਧੇਰੇ ਬਾਣੀ ਆਪ ਦੀ ਮੌਲਿਕ ਹੈ ।ਆਪ ਦੇ ਢਾਈ ਹਜਾਰ ਸਬਦ ਅਤੇ ਸਲੋਕ ਕੋਈ 30 ਰਾਗਾਂ ਵਿੱਚ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਪੰਨਿਆਂ ਵਿੱਚੋਂ 650 ਪੰਨਿਆਂ ਉੱਤੇ ਆਪ ਜੀ ਦੀ ਬਾਣੀ ਹੈ ।ਆਪ ਦੀ ਇਹ ਬਾਣੀ ਕੇਵਲ ਆਕਾਰ ਪੱਖੋਂ ਹੀ ਵਧੇਰੇ ਨਹੀਂ ਸਗੋਂ ਵਿਸੇ ਦੀ ਦ੍ਰਿਸਟੀ ਤੋਂ ਵੀ ਬਹੁਤ ਵਿਸਾਲ ਅਤੇ ਬਹੁ - ਦਿਸਾਵੀ ਹੈ ।ਗੁਰਗੱਦੀ ਉੱਤੇ ਬੈਠਣ ਮਗਰੋਂ ਆਪ ਨੇ ਸੱਤ ਸਾਲ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਦੀ ਉਸਾਰੀ ਕਰਵਾਈ । ਆਪ ਨੇ ਅੰਮ੍ਰਿਤਸਰ , ਕਰਤਾਰਪੁਰ , ਛੇਹਰਟਾ ਅਤੇ ਹੋਰ ਬਹੁਤ ਸਾਰੇ ਨਗਰ ਵੀ ਉਸਾਰੇ।ਹਰ ਵਿਰੋਧ ਦਾ ਅਟੱਲ ਰਹਿ ਕੇ ਸਾਹਮਣਾ ਕੀਤਾ ।ਆਪ ਦੇ ਸਿੱਖੀ ਪ੍ਰਚਾਰ ਨੂੰ ਵਧਦਾ - ਫੁਲਦਾ ਵੇਖ ਪ੍ਰਿਥੀ ਚੰਦ ਅਤੇ ਚੰਦੂ ਸਾਹ ਨੇ ਜਹਾਂਗੀਰ ਦੇ ਕੰਨ ਭਰਨੇ ਸੁਰੂ ਕਰ ਦਿੱਤੇ ।ਚੰਦੂ ਸਾਹ ਗੁਰੂ ਜੀ ਦਾ ਇਸ ਕਰਕੇ ਦੁਸਮਣ ਬਣ ਗਿਆ ਕਿਉਂਕਿ ਗੁਰੂ ਜੀ ਨੇ ਉਸ ਦੀ ਲੜਕੀ ਦਾ ਰਿਸਤਾ ਆਪਣੇ ਸਪੁੱਤਰ ਸ੍ਰੀ ਗੁਰੂ ਹਰਿਗੋਬਿੰਦ ਜੀ ਨਾਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ । ਵੱਡਾ ਭਰਾ ਪ੍ਰਿਥੀ ਚੰਦ ਪਹਿਲਾਂ ਤੋਂ ਹੀ ਖਾਰ ਖਾਂਦਾ ਸੀ ।ਇਸੇ ਸਮੇਂ ਜਹਾਂਗੀਰ ਦਾ ਬਾਗੀ ਪੁੱਤਰ ਖੁਸਰੋ ਗੁਰੂ ਜੀ ਕੋਲ ਅਸੀਰਵਾਦ ਲੈਣ ਆ ਗਿਆ । ਦੁਸਮਣਾਂ ਨੂੰ ਮੌਕਾ ਮਿਲ ਗਿਆ । ਜਹਾਂਗੀਰ ਨੂੰ ਭੜਕਾਇਆ ਗਿਆ । ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਸਾਹਿਬ ਨੂੰ ਕੈਦ ਕਰ ਲਿਆ ਗਿਆ । ਆਪ ਨੂੰ ਅਸਹਿ ਤਸੀਹੇ ਦਿੱਤੇ ਗਏ . ਪਰ ਆਪ ਹਮੇਸਾਂ ' ਤੇਰਾ ਭਾਣਾ ਮੀਠਾ ਲਾਗੇ . . . ' ਦਾ ਜਾਪ ਕਰਦੇ ਰਹੇ ।ਅੰਤ ਵਿੱਚ ਆਪ ਨੂੰ 1606 ਈ . ਨੂੰ ਸਹੀਦ ਕਰ ਦਿੱਤਾ ਗਿਆ ।ਆਪ ਨੇ ਆਪਣਾ ਬਲੀਦਾਨ ਦੇ ਕੇ ਮਨੁੱਖਤਾ ਨੂੰ ਆਤਮ ਸਤਿਕਾਰ ਨਾਲ ਜਿਉਂਣ ਦਾ ਮਾਰਗ ਦੱਸਿਆ।ਗੁਰੂ ਅਰਜਨ ਦੇਵ ਜੀ ਦੇ ਫਲਸਫੇ ਦਾ ਨਾਮ ਹੈ - ਗੁਰਮਤਿ ।ਇਹ ਉਹੀ ਫਲਸਫਾ ਹੈ ਜੋ ਸਾਨੂੰ ਜੀਵਨ - ਜਾਚ ਸਿਖਾਉਂਦਾ ਹੈ , ਜੋ ਉਸ ਨਿਰਾਕਾਰ ਪਰਮਾਤਮਾ ਨੂੰ ਸਰਵ - ਸਕਤੀਮਾਨ ਸਿੱਧ ਕਰਦਾ ਹੈ ; ਇਹ ਉਹੀ ਫਲਸਫਾ ਹੈ ਜੋ ਸਾਨੂੰ ਦੱਸਦਾ ਹੈ ਕਿ ਸੰਸਾਰ ਤੋਂ ਭੱਜਣਾ ਕਾਇਰਤਾ ਹੈ , ਬੁਜਦਿਲੀ ਹੈ , ਹਾਰ ਹੈ । ਇਹ ਉਹੀ ਫਲਸਫਾ ਹੈ ਜੋ ਸਾਨੂੰ ਲੋਕ ਸੇਵਾ ਅਤੇ ਅਹਿੰਸਾ ਦਾ ਪਾਠ ਪੜ੍ਹਾਉਂਦਾ ਹੈ; ਇਹ ਉਹੀ ਫਲਸਫਾ ਹੈ ਜੋ ਬੁਰੇ ਦਾ ਭਲਾ ਕਰਨ ਦੀ ਪ੍ਰੇਰਨਾ ਦੇਂਦਾ ਹੈ ; ਇਹ ਉਹੀ ਫਲਸਫਾ ਹੈ ਜੋ ਸਾਨੂੰ ਹੰਕਾਰ ਤੋਂ ਰੋਕਦਾ ਹੈ ਅਤੇ ਚੰਗੇ - ਮੰਦੇ ਦੀ ਪਹਿਚਾਣ ਕਰਵਾਉਂਦਾ ਹੈ ; ਇਹ ਉਹੀ ਫਲਸਫਾ ਹੈ ਜੋ ਸਿਰਜਨਹਾਰ ਨੂੰ ਭੁੱਲ ਚੁੱਕੇ ਲੋਕਾਂ ਨੂੰ ਅਸਲ ਮਾਰਗ 'ਤੇ ਲੈ ਆਉਂਦਾ ਹੈ ।ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫਲਸਫਾ ਗਿਆਨ ਰੂਪੀ ਅੰਜਨ ਹੈ ਜਿਸ ਨਾਲ ਸਾਡਾ ਅੰਧਕਾਰ ਮਿਟਦਾ ਹੈ - ਪਾਪ , ਦੁੱਖ , ਕਲੇਸ ਮਿਟ ਜਾਂਦੇ ਹਨ , ਹਰ ਪਾਸੇ ਸੁੱਖ - ਸਾਂਤੀ ਦਾ ਵਾਤਾਵਰਨ ਪਸਰ ਜਾਂਦਾ ਹੈ ਅਤੇ ਪਰਮਗਤ ਦੀ ਪ੍ਰਾਪਤੀ ਹੁੰਦੀ ਹੈ। ••

# ਸਿੱਖ ਧਰਮ ਵਿੱਚ ਪਹਿਲੀ ਸ਼ਹਾਦਤ ਦੇਣ ਵਾਲੇ

# ਸ੍ਰੀ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ

ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਿੱਖਾਂ ਦੇ ਪੰਜਵੇ ਗੁਰੂ ਅਤੇ ਪਹਿਲੇ ਸ਼ਹੀਦ ਸਿੱਖ ਗੁਰੂ ਸਨ।ਗੁਰ ਅਰਜਨ ਦਾ ਜਨਮ 15 ਅਪ੍ਰੈਲ, 1563 ਈ.ਨੂੰ ਗੋਇੰਦਵਾਲ ਸਾਹਿਬ ਵਿਖੇ ਹੋਇਆ।ਚੌਥੇ ਗੁਰੂ ਰਾਮਦਾਸ ਅਤੇ ਬੀਬੀ ਭਾਨੀ ਦੇ ਘਰ ਹੋਇਆ ।ਗੁਰੂ ਰਾਮਦਾਸ ਜੀ ਸੋਢੀ ਜਾਤੀ ਦੇ ਖੱਤਰੀ ਸਨ ਉਹਨਾਂ ਦੀ ਮਾਤਾ ਧਾਰਮਿਕ ਵਿਚਾਰਾਂ ਵਾਲੀ ਸੀ ।ਗੁਰੂ ਜੀ ਜਦੋਂ ਛੋਟੇ ਸਨ ਤਾਂ ਉਹਨਾਂ ਦੇ ਨਾਨਾ ਜੀ ਗੁਰੂ ਅਮਰਦਾਸ ਜੀ ਨੇ ਇਹ ਭਵਿੱਖ ਬਾਣੀ ਕੀਤੀ ਕਿ

**"ਮੇਰਾ ਇਹ ਦੋਹਤਾ ਬਾਣੀ ਦਾ ਬੋਹਿਥਾ ਹੋਵੇਗਾ"**

ਅਰਥਾਤ ਮੇਰਾ ਇਹ ਦੋਹਤਾ ਮਾਨਵ ਜਾਤੀ ਨੂੰ ਸਰੀਰ ਰੂਪੀ ਭਵ ਸਾਗਰ ਤੋਂ ਪਾਰ ਉਤਾਰਣ ਲਈ ਬਾਣੀ ਦਾ ਸੰਪਾਦਨ ਕਰੇਗਾ।ਗੁਰੂ ਜੀ ਸ਼ਾਂਤੀ ਦੇ ਪੁੰਜ ,ਨਿਮਰ ਸੁਭਾਅ ਦੇ ਮਾਲਕ,ਅਤੇ ਬਾਣੀ ਦੇ ਬੋਹਿਥੁ ਸ੍ਰੀ ਗੁਰੂ ਅਰਜਨ ਦੇਵ ਜੀ ਜਿਨ੍ਹਾਂ ਨੂੰ ਸ਼ਹੀਦਾਂ ਦੇ ਸਰਤਾਜ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ

ਗੁਰੂ ਜੀ ਦਾ ਵਿਆਹ ਮੌ ਪਿੰਡ (ਤਹਿਸੀਲ ਫਿਲੌਰ) ਦੇ ਵਸਨੀਕ ਸ੍ਰੀ ਕਿਸ਼ਨ ਚੰਦ ਜੀ ਦੀ ਸਪੁੱਤਰੀ ਮਾਤਾ ਗੰਗਾ ਜੀ ਨਾਲ ਹੋਇਆ, ਉਸ ਵੇਲੇ ਆਪ ਜੀ ਦੀ ਉਮਰ 16 ਸਾਲ ਦੀ ਸੀ।ਬਾਬਾ ਬੁੱਢਾ ਜੀ ਦੇ ਵਰਦਾਨ ਨਾਲ ਮਾਤਾ ਗੰਗਾ ਜੀ ਦੀ ਕੁੱਖੋਂ 9 ਜੂਨ 1595 ਨੂੰ ਛੇਵੇਂ ਗੁਰੂ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪੁੱਤਰ ਦਾ ਜਨਮ ਹੋਇਆ ਸੀ ।ਪ੍ਰਿਥੀ ਚੰਦ ,ਮਹਾਂ ਦੇਵ ਗੁਰੂ ਜੀ ਦੇ ਭਰਾ ਸਨ।1 ਸਤੰਬਰ 1581 ਨੂੰ ਜੋਤੀ ਜੋਤਿ ਸਮਾਉਣ ਵੇਲੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ, ਬਾਬਾ ਬੁੱਢਾ ਸਾਹਿਬ ਜੀ ਹੱਥੋਂ ਗੁਰਿਆਈ ਦਾ ਤਿਲਕ ਬਖਸ਼ਿਸ਼ ਕੀਤਾ ਅਤੇ ਆਪ ਚੌਥੇ ਗੁਰੂ ਉਸੇ ਦਿਨ ਹੀ ਜੋਤੀ ਜੋਤਿ ਸਮਾ ਗਏ।ਉਸ ਵਕਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਮਰ 18 ਸਾਲ ਦੀ ਸੀ।ਦਸਤਾਰਬੰਦੀ ਦੀ ਰਸਮ ਤੋਂ ਬਾਅਦ ਆਪ ਜੀ ਅਕਤੂਬਰ ਮਹੀਨੇ ਸ੍ਰੀ ਅੰਮ੍ਰਿਤਸਰ ਆ ਗਏ। ਗੁਰੂ ਸਾਹਿਬ ਜੀ ਨੇ 1588ਈ:ਜਾਂ 1589ਈ: (ਮਾਘੀ ਵਾਲੇ ਦਿਨ) ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਦਾ ਪਵਿੱਤਰ ਕੰਮ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ (ਪੂਰਾ ਨਾਮ ਮੁਅਈਨ-ਉਲ-ਅਸਲਾਮ) ਤੋਂ ਕਰਵਾਇਆ।ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਪਾਸੇ ਦਰਵਾਜ਼ੇ ਰਖਵਾਉਣ ਦਾ ਗੁਰੂ ਸਾਹਿਬ ਦਾ ਮੰਤਵ ਸਾਰੇ ਧਰਮਾਂ ਨੂੰ ਬਰਾਬਰ ਦਾ ਸਤਿਕਾਰ ਦੇਣਾ ਸੀ ।ਹਰਿਮੰਦਰ ਸਾਹਿਬ ਦੀ ਉਸਾਰੀ 1601ਈ:ਵਿੱਚ ਸੰਪੂਰਨ ਹੋਈ ਅੰਮ੍ਰਿਤਸਰ ਸਿੱਖਾਂ ਦਾ ਮੱਕਾ ਅਤੇ ਗੁਰੂ ਕਾਸ਼ੀ ਬਣ ਗਿਆ।



ਇਸ ਮੰਦਰ ਦੀ ਯਾਤਰਾ ਦਾ ਫਲ 68 ਤੀਰਥ -ਸਥਾਨਾਂ ਦੀ ਯਾਤਰਾ ਦੇ ਮਹਾਤਮ ਦੇ ਬਰਾਬਰ ਹੈ ।1590 ਈ.ਵਿੱਚ ਤਰਨਤਾਰਨ ਸ਼ਹਿਰ ਦੀ ਨੀਂਹ ਰੱਖੀ ਗਈ ਸੀ। 1593 ਈ.ਵਿੱਚ ਨਵੇਂ ਸ਼ਹਿਰ ਦੀ ਨੀਂਹ ਰੱਖੀ ਜਿਸਦਾ ਨਾਂ ਕਰਤਾਰਪੁਰ ਅਰਥਾਤ ਈਸ਼ਵਰ ਦਾ ਸ਼ਹਿਰ ਰੱਖਿਆ ।ਇੱਥੇ ਗੁਰੂ ਜੀ ਨੇ ਗੰਗਾ ਸਰ ਖੂਹ ਖੁਦਵਾਇਆ ।ਮਾਤਾ ਗੰਗਾ ਜੀ ਦੇ ਨਾਮ 'ਤੇ ਇਹ ਖੂਹ ਲਗਵਾਇਆ। 1594 ਈ ? ਨੂੰ ਆਪ ਜੀ ਨੇ ਗੁਰੂ ਕੀ ਵਡਾਲੀ ਨੂੰ ਧਰਮ ਪ੍ਰਚਾਰ ਹਿਤ ਪੱਕਾ ਟਿਕਾਣਾ ਬਣਾਇਆ, ਇਥੇ ਹੀ ਛੇਵੇਂ ਗੁਰੂ ਸਾਹਿਬ ਦਾ ਜਨਮ ਹੋਇਆ। ਇਨ੍ਹਾਂ ਹੀ ਸਾਲਾਂ ਵਿੱਚ ਸੋਕਾ ਪੈ ਜਾਣ ਕਾਰਨ ਜਨਤਾ ਦੀ ਲੋੜ ਨੂੰ ਮੁੱਖ ਰੱਖ ਕੇ ਆਪ ਜੀ ਨੇ ਦੋ-ਹਰਟੇ, ਚਾਰ-ਹਰਟੇ ਖੂਹ ਲਗਵਾਏ।ਗੁਰੂ ਕੀ ਵਡਾਲੀ ਦੇ ਪੱਛਮ ਵੱਲ ਛੇ-ਹਰਟਾ ਖੂਹ (ਜਿੱਥੇ ਗੁਰਦੁਆਰਾ ਛੇਹਰਟਾ ਸਾਹਿਬ ਹੈ) ਲਗਵਾਇਆ। ਡੱਬੀ ਬਾਜ਼ਾਰ ਵਿੱਚ ਇੱਕ ਬਾਉਲੀ ਦਾ ਨਿਰਮਾਣ ਕਰਵਾਇਆ।1598 ਵਿੱਚ ਹੀ ਅਕਬਰ ਬਾਦਸ਼ਾਹ ਗੋਇੰਦਵਾਲ ਵਿਖੇ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਵਿੱਚ ਹਾਜ਼ਰ ਹੋਇਆ ।ਉਸ ਨੇ ਗੁਰੂ ਜੀ ਵਲੋਂ ਲਾਹੌਰ ਕਾਲ ਸਮੇਂ ਪੀੜਤ ਲੋਕਾਂ ਦੀ ਸੇਵਾ ਲਈ ਸ਼ੁਕਰਾਨਾ ਕੀਤਾ ।ਗੁਰੂ ਜੀ ਨੇ ਮਸੰਦ ਪ੍ਰਥਾ ਦਾ ਸੰਗਠਨ ਕੀਤਾ ।ਗੁਰੂ ਜੀ ਨੇ 1604 ਵਿੱਚ ਆਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ ਕੀਤਾ ।ਇਹ ਮਹਾਨ ਗ੍ਰੰਥ ਤਿਆਰ ਕੀਤਾ ਜਿਸ ਵਿੱਚ 36 ਮਹਾਂਪੁਰਸ਼ਾਂ ਦੀ ਬਾਣੀ ਅੰਕਿਤ ਕੀਤੀ ਜਿਨ੍ਹਾਂ ਵਿੱਚ ਛੇ ਗੁਰੂ ਸਾਹਿਬਾਨ ਦੀ ਬਾਣੀ, 976 ਗੁਰੂ ਨਾਨਕ ਦੇਵ ਜੀ ,62 ਅੰਗਦ ਦੇਵ ਜੀ,907 ਗੁਰੂ ਅਮਰਦਾਸ ਜੀ,679 ਗੁਰੂ ਰਾਮ ਦਾਸ ਜੀ 2216 ਗੁਰੂ ਅਰਜਨ ਦੇਵ ਜੀ ਦੇ ਸ਼ਬਦ ਦਿੱਤੇ ਗਏ ਹਨ ।15 ਭਗਤਾਂ , 11 ਭੱਟਾਂ ਅਤੇ ਚਾਰ ਗੁਰੂ ਘਰ ਦੇ ਸਿੱਖਾਂ ਦੀ ਬਾਣੀ ਦਾ ਸੰਗ੍ਰਹਿ ਤਿਆਰ ਕੀਤਾ।ਇਸ ਸੇਵਾ ਲਈ ਭਾਈ ਗੁਰਦਾਸ ਜੀ ਨੇ ਆਪਣੀ ਲੇਖਣੀ ਦੁਆਰਾ ਮਹਾਨ ਯੋਗਦਾਨ ਪਾਇਆ।ਗੁਰੂ ਸਾਹਿਬ ਜੀ ਨੇ ਆਪਣੀ ਦੇਖ ਰੇਖ ਹੇਠ ਜਿਲਦ ਸਾਜ ਕੀਤੀ ਅਤੇ 30 ਅਗਸਤ 1604 ਨੂੰ ਇਸ ਇਲਾਹੀ ਗ੍ਰੰਥ ਦਾ ਪਹਿਲੀ ਵਾਰ ਦਰਬਾਰ ਸਾਹਿਬ ਅੰਦਰ ਪ੍ਰਕਾਸ਼ ਕੀਤਾ ਗਿਆ, ਬਾਬਾ ਬੁੱਢਾ ਜੀ ਨੇ ਪ੍ਰਥਮ ਗ੍ਰੰਥੀ ਦੇ ਤੌਰ 'ਤੇ ਪਹਿਲਾ ਹੁਕਮਨਾਮਾ ਲਿਆ।ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਵੀ ਬਹੁਤ ਸਾਰੀ ਬਾਣੀ ਦਾ ਉਚਾਰਣ ਕੀਤਾ ।ਆਪ ਦੀਆਂ ਰਚਨਾਵਾਂ ਵਿੱਚੋਂ ਸੁਖਮਨੀ ਅਤੇ ਬਾਰਹ ਮਾਹ ਮਾਝ ਰਾਗ ਨੂੰ ਉਚਾਰਿਆ, ਜਿਸ ਨੂੰ ਸੁਣਿਆ ਅਤੇ ਪੜ੍ਹਿਆ ਜਾਂਦਾ ਹੈ । ਬਾਵਨ ਅੱਖਰੀ, ਥਿਤੀ ਅਤੇ ਰੁਤੀ ਵੀ ਵੱਡ-ਆਕਾਰੀ ਰਚਨਾਵਾਂ ਹਨ ।ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਮੁੱਖ ਕਾਰਨ ਸਮਰਾਟ ਜਹਾਂਗੀਰ ਦੀ ਧਾਰਮਿਕ ਕੱਟੜਤਾ ਸੀ ਉਹ ਆਪਣੇ ਧਰਮ ਤੋ ਬਿੰਨਾਂ ਕਿਸੇ ਹੋਰ ਧਰਮ ਬਾਰੇ ਗੱਲ ਸਹਿਣ ਨਹੀਂ ਕਰ ਸਕਦਾ ਸੀ ।ਸਰਹਿੰਦ ਦੇ ਨਕਸਬੰਦੀਆਂ ,ਜਿੰਨਾਂ ਦਾ ਮੁਖੀ ਸ਼ੇਖ ਅਹਿਮਦ ਸੀ ।ਨੇ ਵੀ ਗੁਰੂ ਸਾਹਿਬ ਨਾਲ ਈਰਖਾ ਕਰਦੇ ਹੋਏ ਮੁਗਲ ਬਾਦਸ਼ਾਹ ਨੂੰ ਉਹਨਾਂ ਦੇ ਵਿਰੁੱਧ ਉਕਸਾਇਆ ।ਦੀਵਾਨ ਚੰਦਰ ਸ਼ਾਹ ਨੇ ਵੀ ਬਾਦਸ਼ਾਹ ਦੇ ਕੰਨ ਭਰੇ ।ਗੁਰੂ ਜੀ ਦੀ ਸ਼ਹੀਦੀ ਦਾ ਅਸਲ ਕਾਰਨ ਇਹ ਬਣਿਆਂ ਕਿ ਗੁਰੂ ਜੀ ਨਰਾਜਕੁਨਾਰ ਖੁਸਰੋ ਦੀ ਸਹਾਇਤਾ ਕੀਤੀ ਸੀ ।ਮੁਗਲ ਬਾਦਸ਼ਾਹ ਨੇ ਗੁਰੂ ਜੀ 'ਤੇ ਰਾਜਾ ਖੁਸਰੋ ਦੀ ਸਹਾਇਤਾ ਦਾ ਇਲਜਾਮ ਲਾ ਕੇ ਉਹਨਾਂ ਉੱਤੇ ਦੋ ਲੱਖ ਰੁਪਏ ਜੁਰਮਾਨਾ ਕਰ ਦਿੱਤਾ ।ਜਦੋਂ ਗੁਰੂ ਜੀ ਨੇ ਜੁਰਮਾਨਾ ਦੇਣ ਤੋ ਇਨਕਾਰ ਕਰ ਦਿੱਤਾ ਤਾਂ ਉਨਾਂ ਨੂੰ ਬੰਦੀ ਬਣਾ ਲਿਆ ਗਿਆ। ਗੁਰੂ ਸਾਹਿਬ ਨੂੰ ਤੱਤੀ ਤਵੀ 'ਤੇ ਬਿਠਾ ਕੇ ਸੀਸ 'ਤੇ ਤੱਤੀ ਰੇਤ ਪਾਈ ਗਈ ਅਤੇ ਬਾਅਦ ਵਿੱਚ ਉਬਲਦੇ ਪਾਣੀ ਦੀ ਦੇਗ ਵਿੱਚ ਪਾਇਆ ਗਿਆ। ਪਰ ਗੁਰੂ ਸਾਹਿਬ ਨੇ 'ਤੇਰਾ ਕੀਆ ਮੀਠਾ ਲਾਗੇ ' ਦੀ ਧੁਨੀ ਜਾਰੀ ਰੱਖੀ ।ਮਈ 1606 ਈਂ. ਵਿੱਚ ਸ਼ਹੀਦ ਕਰ ਦਿੱਤਾ ਗਿਆ ।ਸਿੱਖ ਧਰਮ ਵਿੱਚ ਗੁਰੂ ਅਰਜਨ ਦੇਵ ਜੀ ਸ਼ਹਾਦਤ ਦੇਣ ਵਾਲੇ ਪਹਿਲੇ ਸ਼ਹੀਦ ਗੁਰੂ ਸਨ।

**-ਗਗਨਦੀਪ ਧਾਲੀਵਾਲ, ਬਰਨਾਲਾ**



# ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਤੇ ਪ੍ਰਣਾਮ




# Dhan Sri Guru Arjan Dev Ji de Shaheedi Gurpurab Te Parnam

www.damdamitaksal.net

# ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ ਵੱਲੋਂ

## ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਅਤੇ ਜੂਨ 1984 (ਘੱਲੂਘਾਰੇ) ਦੇ ਸਮੂਹ ਸ਼ਹੀਦਾਂ ਦੀ 41ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ





# ਸ਼ਬਦ ਕੀਰਤਨ ਅਤੇ ਕਥਾ ਸਮਾਗਮ

## 1 ਮਈ ਤੋਂ 31 ਮਈ 2025 ਤੱਕ

ਰੋਜ਼ਾਨਾ ਸ਼ਾਮ 6 ਤੋਂ 8 ਵਜੇ ਤੱਕ

ਮਹਿਤਾ ਚੌਂਕ ਤੇ ਆਸ ਪਾਸ ਦੇ ਪਿੰਡਾਂ ਵਿੱਚ ਆਯੋਜਿਤ ਕੀਤੇ ਜਾ ਰਹੇ ਹਨ। ਜਿਸ ਵਿੱਚ ਦਮਦਮੀ ਟਕਸਾਲ ਦੇ ਮੁਖੀ **ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ 'ਭਿੰਡਰਾਂਵਾਲੇ'** ਸ਼ਬਦ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

| | | | |
|---|---|---|---|
| 1 ਮਈ | ਵੀਰਵਾਰ | ਜਬੋਵਾਲ | ਸ਼ਾਮ 6 ਤੋਂ 8 ਵਜੇ ਤੱਕ |
| 2 ਮਈ | ਸ਼ੁੱਕਰਵਾਰ | ਜੱਫਰਵਾਲ | ਸ਼ਾਮ 6 ਤੋਂ 8 ਵਜੇ ਤੱਕ |
| 3 ਮਈ | ਸ਼ਨੀਵਾਰ | ਗੁ: ਭਗਤਾਂ ਦਾ ਡੇਰਾ ਤਰਸਿੱਕਾ | ਸ਼ਾਮ 6 ਤੋਂ 8 ਵਜੇ ਤੱਕ |
| 4 ਮਈ | ਐਤਵਾਰ | ਕੋਟਲਾ ਮੂਸਾ ਨੇੜੇ ਕਾਦੀਆਂ ਡੱਲਾ ਮੋੜ | ਸ਼ਾਮ 6 ਤੋਂ 8 ਵਜੇ ਤੱਕ |
| 5 ਮਈ | ਸੋਮਵਾਰ | ਸੱਦਾਰੰਗ | ਸ਼ਾਮ 6 ਤੋਂ 8 ਵਜੇ ਤੱਕ |
| 6 ਮਈ | ਮੰਗਲਵਾਰ | ਸਹਾਇਪੁਰ | ਸ਼ਾਮ 6 ਤੋਂ 8 ਵਜੇ ਤੱਕ |
| 7 ਮਈ | ਬੁੱਧਵਾਰ | ਧਰਦਿਓ | ਸ਼ਾਮ 6 ਤੋਂ 8 ਵਜੇ ਤੱਕ |
| 8 ਮਈ | ਵੀਰਵਾਰ | ਬਾਬੋਵਾਲ | ਸ਼ਾਮ 6 ਤੋਂ 8 ਵਜੇ ਤੱਕ |
| 9 ਮਈ | ਸ਼ੁੱਕਰਵਾਰ | ਭਲਾਈਪੁਰ ਪੁਰਬਾ | ਸ਼ਾਮ 6 ਤੋਂ 8 ਵਜੇ ਤੱਕ |
| 10 ਮਈ | ਸ਼ਨੀਵਾਰ | ਗੁ: ਕੰਧ ਸਾਹਿਬ ਬਟਾਲਾ | ਸ਼ਾਮ 6 ਤੋਂ 8 ਵਜੇ ਤੱਕ |
| 11 ਮਈ | ਐਤਵਾਰ | ਗੁਰੂ ਕੀ ਬੇਰ ਸਾਹਿਬ ਮੱਤੇਵਾਲ | ਸ਼ਾਮ 6 ਤੋਂ 8 ਵਜੇ ਤੱਕ |
| 12 ਮਈ | ਸੋਮਵਾਰ | ਲੀਲ ਕਲਾਂ | ਸ਼ਾਮ 6 ਤੋਂ 8 ਵਜੇ ਤੱਕ |
| 13 ਮਈ | ਮੰਗਲਵਾਰ | ਸੂਸਾ | ਸ਼ਾਮ 6 ਤੋਂ 8 ਵਜੇ ਤੱਕ |
| 14 ਮਈ | ਬੁੱਧਵਾਰ | ਸਿਆਲਕਾ | ਸ਼ਾਮ 6 ਤੋਂ 8 ਵਜੇ ਤੱਕ |
| 15 ਮਈ | ਵੀਰਵਾਰ | ਚੌਣੇ | ਸ਼ਾਮ 6 ਤੋਂ 8 ਵਜੇ ਤੱਕ |
| 16 ਮਈ | ਸ਼ੁੱਕਰਵਾਰ | ਨਵਾਂ ਪਿੰਡ | ਸ਼ਾਮ 6 ਤੋਂ 8 ਵਜੇ ਤੱਕ |
| 17 ਮਈ | ਸ਼ਨੀਵਾਰ | ਗੁ: ਸੰਗਤਪੁਰਾ ਬਥਵਾਲਾ ਗੁਰਦਾਸਪੁਰ | ਸ਼ਾਮ 6 ਤੋਂ 8 ਵਜੇ ਤੱਕ |
| 18 ਮਈ | ਐਤਵਾਰ | ਧਰਮੂਚੱਕ | ਸ਼ਾਮ 6 ਤੋਂ 8 ਵਜੇ ਤੱਕ |
| 19 ਮਈ | ਸੋਮਵਾਰ | ਕਾਹਲਵਾਂ | ਸ਼ਾਮ 6 ਤੋਂ 8 ਵਜੇ ਤੱਕ |
| 20 ਮਈ | ਮੰਗਲਵਾਰ | ਉੱਦੋ ਨੰਗਲ ਖੁਰਦ | ਸ਼ਾਮ 6 ਤੋਂ 8 ਵਜੇ ਤੱਕ |
| 21 ਮਈ | ਬੁੱਧਵਾਰ | ਸਠਿਆਲਾ | ਸ਼ਾਮ 6 ਤੋਂ 8 ਵਜੇ ਤੱਕ |
| 22 ਮਈ | ਵੀਰਵਾਰ | ਢਪਈਆ | ਸ਼ਾਮ 6 ਤੋਂ 8 ਵਜੇ ਤੱਕ |
| 23 ਮਈ | ਸ਼ੁੱਕਰਵਾਰ | ਵੀਲਾ/ਮੀਕੇ | ਸ਼ਾਮ 6 ਤੋਂ 8 ਵਜੇ ਤੱਕ |
| 24 ਮਈ | ਸ਼ਨੀਵਾਰ | ਬੁਤਾਲਾ | ਸ਼ਾਮ 6 ਤੋਂ 8 ਵਜੇ ਤੱਕ |
| 25 ਮਈ | ਐਤਵਾਰ | ਖੱਬੇ ਰਾਜਪੂਤਾਂ ਸਵੇਰੇ 10 ਤੋਂ 12 ਵਜੇ ਤੱਕ; ਚੌਧਰੀਵਾਲ | ਸ਼ਾਮ 7 ਤੋਂ 9 ਵਜੇ ਤੱਕ |
| 26 ਮਈ | ਸੋਮਵਾਰ | ਜਲਾਲ ਉਸਮਾਂ | ਸ਼ਾਮ 6 ਤੋਂ 8 ਵਜੇ ਤੱਕ |
| 27 ਮਈ | ਮੰਗਲਵਾਰ | ਜੇਠੂਵਾਲ | ਸ਼ਾਮ 6 ਤੋਂ 8 ਵਜੇ ਤੱਕ |
| 28 ਮਈ | ਬੁੱਧਵਾਰ | ਗੁ: ਰਾਮ ਥੰਮਣ ਸਾਹਿਬ ਮਨੇਸ਼ | ਸ਼ਾਮ 6 ਤੋਂ 8 ਵਜੇ ਤੱਕ |
| 29 ਮਈ | ਵੀਰਵਾਰ | ਮੈਹਣੀਆ ਕੁਹਾਰਾ | ਸ਼ਾਮ 6 ਤੋਂ 8 ਵਜੇ ਤੱਕ |
| 30 ਮਈ | ਸ਼ੁੱਕਰਵਾਰ | ਮਹਿਤਾ ਚੌਂਕ | ਸ਼ਾਮ 6 ਤੋਂ 8 ਵਜੇ ਤੱਕ |
| 31 ਮਈ | ਸ਼ਨੀਵਾਰ | ਚਾਟੀਵਿੰਡ | ਸ਼ਾਮ 6 ਤੋਂ 8 ਵਜੇ ਤੱਕ |

1-2-3-4-5 ਜੂਨ 2025 ਰੋਜ਼ਾਨਾ ਸ਼ਾਮ 4.00 ਤੋਂ 6.00 ਵਜੇ ਤੱਕ ਦਮਦਮੀ ਟਕਸਾਲ ਦੇ ਹੈਡਕੁਆਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਕਥਾ ਕੀਰਤਨ ਦਾ ਨਿਰੰਤਰ ਪ੍ਰਵਾਹ ਚੱਲੇਗਾ।

ਸੰਗਤਾਂ ਨੂੰ ਬੇਨਤੀ ਹੈ ਕਿ 6 ਜੂਨ 2025, ਸ਼ੁੱਕਰਵਾਰ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਪਹੁੰਚੋ ਜੀ

ਪ੍ਰੋਫੈਸ਼ਨਲ ਕਾਲਜ ਆਫ ਗੁਰਮਤਿ ਦਮਦਮੀ ਟਕਸਾਲ ਵਿਖੇ 9ਵੀਂ, 10ਵੀਂ, +1 +2, ਬੀ.ਏ., ਐੱਮ.ਏ. ਦਾਖਲੇ ਸ਼ੁਰੂ ਹਨ ਫਰੀ ਵਿੱਦਿਆ ਪ੍ਰਾਪਤ ਕਰੋ

**ਸੰਪਰਕ: 99158-00904, 97793-10040, 95171-76191, 84376-91626**

ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ
ਪਿੰਡ ਰੋਡੇ
ਪਹੁੰਚੋ
ਸਮਾਗਮ ਦਾ ਸਮਾ
ਸਵੇਰੇ 10 ਤੋਂ
3 ਵਜੇ
ਤੱਕ
ਆਵਾਜ਼ਿ ਕੌਮ
AWAZE QAUM
International Newspaper & WEB TV
ਵੱਲੋਂ :- ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, (98140-13915)

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ ॥

# ਅੰਮ੍ਰਿਤ ਸੰਚਾਰ

☛ ਦਿਨ ਸ਼ਨਿੱਚਰਵਾਰ 14 ਜੂਨ 2025 ☛ ਜੂਨ 1984 ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਅੰਮ੍ਰਿਤ ਸੰਚਾਰ ਕਰਵਾਏ ਜਾ ਰਹੇ ਹਨ।



ਕੱਕਾਰ ਗੁਰਦੁਆਰਾ ਸਾਹਿਬ ਵੱਲੋਂ ਭੇਟਾ ਰਹਿਤ ਮਿਲਣਗੇ

ਸਮਾਂ ਦੁਪਹਿਰ 12 :00 ਵਜੇ ਅੰਮ੍ਰਿਤ ਅਭਿਲਾਖੀ ਨੇ ਗੁਰਦੁਵਾਰਾ ਸਾਹਿਬ ਪਹੁੰਚਣ ਦੀ ਕੋਸ਼ਿਸ਼ ਕਰਨੀ

☛ ਅੰਮ੍ਰਿਤ ਅਭਿਲਾਖੀ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਅੰਮ੍ਰਿਤ ਅਭਿਲਾਖੀ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

Gurdwara Sahib Shaeed Baba Deep Singh ji Damdami Taksaal
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778




ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਪਹੁੰਚ ਰਹੀਆਂ ਪੰਥਕ ਸਖਸ਼ੀਅਤਾਂ ਅਤੇ ਸੰਤ ਮਹਾਪੁਰਸ਼
ਸੰਤ ਬਾਬਾ ਨਰਿੰਦਰ ਸਿੰਘ ਜੀ ਕਾਰਸੇਵਾ ਸ੍ਰੀ ਹਜ਼ੂਰ ਸਾਹਿਬ
ਸੰਤ ਬਾਬਾ ਬਲਵਿੰਦਰ ਸਿੰਘ ਜੀ ਕਾਰਸੇਵਾ ਸ੍ਰੀ ਹਜ਼ੂਰ ਸਾਹਿਬ
ਸ੍ਰੀ ਮਹੰਤ ਬਾਬਾ ਰੇਸ਼ਮ ਸਿੰਘ ਜੀ ਨਿਰਮਲ ਸੰਪਰਦਾਏ
ਮਹੰਤ ਹਾਕਮ ਸਿੰਘ ਜੀ ਕੋਠਾ ਗੁਰੂ ਵਾਲੇ
ਸੰਤ ਗਿਆਨੀ ਸੁਰਜੀਤ ਸਿੰਘ ਜੀ ਮਹਿਰੋਂ ਵਾਲੇ
ਮਹੰਤ ਚਮਕੌਰ ਸਿੰਘ ਜੀ ਪੰਜਗਰਾਈਆਂ ਵਾਲੇ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਗਿਆਨੀ ਸੁਰਜੀਤ ਸਿੰਘ ਸੋਢੀ ਜੀ ਦਮਦਮੀ ਟਕਸਾਲ ਵਾਲੇ
ਡਾ. ਸੰਤ ਗੁਰਨਾਮ ਸਿੰਘ ਜੀ ਭੜੋਲੀ ਭਾਈਕੇ
ਬਾਬਾ ਸਾਧੂ ਸਿੰਘ ਲੰਡੇਆਣੇ ਵਾਲੇ
ਸੰਤ ਬੀਬੀ ਜਸਪ੍ਰੀਤ ਕੌਰ ਮਾਹਿਲਪੁਰ ਬੁੰਗੇ ਵਾਲੇ
ਬਾਬਾ ਹਰਨਾਮ ਸਿੰਘ ਸੁਆਮੀ ਜੀ ਮਾਹਿਲਪੁਰ ਬੁੰਗੇ ਵਾਲੇ
ਸੰਤ ਬਾਬਾ ਬੋਹੜ ਸਿੰਘ ਜੀ ਤੂਤਾਂ ਵਾਲੇ
ਬੇਨਤੀ ਕਰਤਾ : ਸਮੂਹ ਬਾਬਾ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ, ਇਲਾਕਾ ਨਿਵਾਸੀ-ਸੰਗਤਾਂ।
ਸੰਪਰਕ : 98140-29018, 97815-52538, 98140-13915


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਪਹੁੰਚ ਰਹੀਆਂ ਪੰਥਕ ਸਖਸ਼ੀਅਤਾਂ ਅਤੇ ਸੰਤ ਮਹਾਪੁਰਸ਼
ਸ. ਹਰਮੀਤ ਸਿੰਘ ਕਾਲਕਾ, ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ
ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਹਰਿਆਣਾ
ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ ਹੈੱਡ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ
ਭਾਈ ਗੁਰਦੀਪ ਸਿੰਘ ਬਠਿੰਡਾ ਪ੍ਰਧਾਨ ਸ਼ੇਰ-ਏ-ਪੰਜਾਬ ਅਕਾਲੀ ਦਲ
ਭਾਈ ਮੋਹਕਮ ਸਿੰਘ ਜੀ ਦਮਦਮੀ ਟਕਸਾਲ ਵਾਲੇ
ਭਾਈ ਮੁਖਤਿਆਰ ਸਿੰਘ ਜੀ ਮੁਖੀ ਦਮਦਮੀ ਟਕਸਾਲ ਵਾਲੇ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਜਥੇਦਾਰ ਬੂਟਾ ਸਿੰਘ ਰਣਸੀਂਹ ਸ਼ੇਰ-ਏ-ਪੰਜਾਬ ਅਕਾਲੀ ਦਲ
ਜਥੇਦਾਰ ਸਤਨਾਮ ਸਿੰਘ ਜੀ ਮਨਾਵਾਂ
ਜਥੇਦਾਰ ਮਨਜੀਤ ਸਿੰਘ ਭੋਮਾ ਚੇਅਰਮੈਨ ਧਰਮ ਪ੍ਰਚਾਰ ਕਮੇਟੀ ਦਿੱਲੀ
ਭਾਈ ਸਤਵੰਤ ਸਿੰਘ ਸਪੁੱਤਰ ਸ਼ਹੀਦ ਭਾਈ ਕੇਹਰ ਸਿੰਘ
ਸ. ਤਰਸੇਮ ਸਿੰਘ (ਪਿਤਾ ਜੀ) ਐਮ.ਪੀ. ਭਾਈ ਅੰਮ੍ਰਿਤਪਾਲ ਸਿੰਘ
ਭਾਈ ਬਲਵਿੰਦਰ ਸਿੰਘ ਲੋਕ ਅਧਿਕਾਰ ਲਹਿਰ ਵਾਲੇ
ਬੇਨਤੀ ਕਰਤਾ : ਸਮੂਹ ਬਾਬਾ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ, ਇਲਾਕਾ ਨਿਵਾਸੀ-ਸੰਗਤਾਂ।
ਸੰਪਰਕ : 98140-29018, 97815-52538, 98140-13915


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਪਹੁੰਚ ਰਹੀਆਂ ਪੰਥਕ ਸਖਸ਼ੀਅਤਾਂ ਅਤੇ ਸੰਤ ਮਹਾਪੁਰਸ਼
ਬਾਬਾ ਸਰਬਜੋਤ ਸਿੰਘ ਜੀ ਬੇਦੀ ਅੰਸ਼-ਵੰਸ਼ ਸ੍ਰੀ ਗੁਰੂ ਨਾਨਕ ਦੇਵ ਜੀ
ਭਾਈ ਈਸ਼ਰ ਸਿੰਘ ਜੀ ਸਪੁੱਤਰ ਸੰਤ ਭਿੰਡਰਾਂਵਾਲੇ
ਜਥੇਦਾਰ ਬਾਬਾ ਬਲਬੀਰ ਸਿੰਘ ਜੀ ਮੁਖੀ ਬੁੱਢਾ ਦਲ 96 ਕਰੋੜੀ
ਜਥੇਦਾਰ ਬਾਬਾ ਅਵਤਾਰ ਸਿੰਘ ਜੀ ਮੁਖੀ ਦਲ ਪੰਥ ਬਾਬਾ ਬਿਧੀ ਚੰਦ ਜੀ
ਜਥੇਦਾਰ ਬਾਬਾ ਜੋਗਾ ਸਿੰਘ ਜੀ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ
ਸੰਤ ਬਾਬਾ ਗੁਰਦੇਵ ਸਿੰਘ ਜੀ ਗੁ. ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ
ਜਥੇਦਾਰ ਬਾਬਾ ਨਾਗਰ ਸਿੰਘ ਜੀ ਤਰਨਾ ਦਲ ਹਰੀਆਂ ਵੇਲਾਂ
ਜਥੇਦਾਰ ਬਾਬਾ ਜਗਜੀਤ ਸਿੰਘ ਜੀ ਗੁਰੂ ਨਾਨਕ ਦਲ ਮੜੀਆਂ ਵਾਲੇ
ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ ਮੁਖੀ ਦਸ਼ਮੇਸ਼ ਤਰਨਾ ਦਲ
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਜਥੇਦਾਰ ਸਵਰਨਜੀਤ ਸਿੰਘ ਮੁਖੀ ਤਰਨਾ ਦਲ ਦੋਆਬਾ
ਬੇਨਤੀ ਕਰਤਾ : ਸਮੂਹ ਬਾਬਾ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ, ਇਲਾਕਾ ਨਿਵਾਸੀ-ਸੰਗਤਾਂ।
ਸੰਪਰਕ : 98140-29018, 97815-52538, 98140-13915


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਪਹੁੰਚ ਰਹੀਆਂ ਪੰਥਕ ਸਖਸ਼ੀਅਤਾਂ ਅਤੇ ਸੰਤ ਮਹਾਪੁਰਸ਼
ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦਬਾਗ ਵਾਲੇ ਕਾਰਜਕਾਰੀ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ
ਬਾਬਾ ਸੁਖਵਿੰਦਰ ਸਿੰਘ ਅਗਵਾਨ ਭਤੀਜੇ ਸ਼ਹੀਦ ਭਾਈ ਸਤਵੰਤ ਸਿੰਘ
ਬਾਬਾ ਸੁੱਖਾ ਸਿੰਘ ਜੀ ਕਾਰਸੇਵਾ ਸਰਹਾਲੀ ਸਾਹਿਬ
ਬਾਬਾ ਹਾਕਮ ਸਿੰਘ ਜੀ ਕਾਰਸੇਵਾ ਸਰਹਾਲੀ ਸਾਹਿਬ
ਜਥੇਦਾਰ ਬਾਬਾ ਹਰੀ ਸਿੰਘ ਜੀ ਹਰੀ ਸਿੰਘ ਨਲੂਆ ਦਲ
ਜਥੇਦਾਰ ਬਾਬਾ ਸਰਵਣ ਸਿੰਘ ਜੀ ਰਸਾਲਦਾਰ ਬੁੱਢਾ ਦਲ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸੰਤ ਬਾਬਾ ਹਰੀ ਸਿੰਘ ਜੀ ਨਾਨਕਸਰ ਹਰੀਕੇ ਵਾਲੇ
ਸੰਤ ਬਾਬਾ ਸੁਰਜੀਤ ਸਿੰਘ ਕੈਰੋਂ ਵਾਲੇ
ਸੰਤ ਬਾਬਾ ਜਸਵੰਤ ਸਿੰਘ ਜੀ ਸੋਢੀ ਵਿਦਿਆਲਾ ਆਸਲ ਉਤਾੜ ਵਾਲੇ
ਜਥੇਦਾਰ ਬਾਬਾ ਰਾਜਾ ਰਾਜ ਸਿੰਘ ਜੀ ਅਰਬਾਂ ਖਰਬਾਂ ਵਾਲੇ
ਜਥੇਦਾਰ ਬਾਬਾ ਕੁਲਵਿੰਦਰ ਸਿੰਘ ਜੀ ਚਮਕੌਰ ਸਾਹਿਬ ਵਾਲੇ
ਜਥੇਦਾਰ ਬਾਬਾ ਗੁਰਦੇਵ ਸਿੰਘ ਜੀ ਦਸੂਹੇ ਵਾਲੇ ਸ਼੍ਰੋਮਣੀ ਭਗਤ ਧੰਨਾ ਜੀ ਤਰਨਾ ਦਲ
ਬੇਨਤੀ ਕਰਤਾ : ਸਮੂਹ ਬਾਬਾ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ, ਇਲਾਕਾ ਨਿਵਾਸੀ-ਸੰਗਤਾਂ।
ਸੰਪਰਕ : 98140-29018, 97815-52538, 98140-13915

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਜੂਨ 1984 ਦੇ ਘੱਲੂਘਾਰੇ ਨੂੰ ਸਮਰਪਿਤ ਸਮਾਗਮ



ਦਮਦਮੀ ਟਕਸਾਲ ਦੇ 14ਵੇਂ ਮੁਖੀ ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਭਾਈ ਅਮਰੀਕ ਸਿੰਘ ਜੀ ਖਾਲਸਾ, ਜਰਨਲ ਸਰਦਾਰ ਸੁਬੇਗ ਸਿੰਘ ਜੀ ਅਤੇ ਬਾਬਾ ਠਾਹਰਾ ਸਿੰਘ ਜੀ ਦੀਆਂ ਸ਼ਹੀਦੀਆ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ ਅਤੇ ਇਹ ਸਮਾਗਮ 75 ਵੀਂ ਸਲਾਨਾ ਬਰਸੀ ਸ਼੍ਰੀਮਾਨ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਨੂੰ ਵੀ ਸਮਰਪਿਤ ਹੋਣਗੇ।

☛ ਤਿੰਨੋਂ ਦਿਨ ਸ੍ਰੀ ਅਖੰਡ ਪਾਠ ਸਾਹਿਬ ਜੀ ਸਿੱਖ ਚੈਨਲ ਯੂ ਕੇ ਤੇ ਲਾਈਵ ਟੈਲੀਕਾਸਟ ਹੋਵੇਗਾ। ☛ ਸ਼ੁੱਕਰਵਾਰ 6 ਜੂਨ 2025 ਨੂੰ 9:00 ਵਜੇ ਸ਼੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ 5 ਤੋ 8 ਸ਼ਾਮ ਨੂੰ ਦੀਵਾਨ ਵੀ ਸਜਣਗੇ

☛ 8 ਜੂਨ ਐਤਵਾਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ☛ ਸ਼ਨਿੱਚਰਵਾਰ 7 ਜੂਨ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸੱਜਣਗੇ। ☛ ਐਤਵਾਰ 8 ਜੂਨ 6:00 ਵਜੇ ਸਵੇਰੇ ਚੁਪਹਿਰਾ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਅਤੇ ਸਮੇਤ ਸੁਖਮਨੀ ਸਾਹਿਬ ਦੇ 9: 00 ਵਜੇ ਭੋਗ ਪੈਣਗੇ ਉਪੰਰਤ 1:00 ਵਜੇ ਤੱਕ ਦੀਵਾਨ ਸਜਣਗੇ।

ਕਥਾ ਵਾਚਕ ਅਤੇ ਰਾਗੀ ਸਿੰਘ ਕੀਰਤਨ ਰਾਹੀਂ, ਗੁਰਬਾਣੀ ਕਥਾ, ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ ☛ ਸਟਾਲ ਵੀ ਲੱਗਣਗੇ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

# GURDWARA BABA SANG JI SMETHWICK, BIRMINGHAM

# 6TH - 8TH JUNE













**Naujawan Sewak Sabha Birmingham UK**

## COMMEMORATING THE SHAHEEDI DIVAS OF DHAN DHAN SRI GURU ARJAN DEV MAHARAJ JI AND ALL SHAHEEDS OF JUNE 1984

Arambh Sri Akhand Path Sahib : **Friday 6th June 2025 (11AM)**

Bhog Sri Akhand Path Sahib : **Sunday 8th June 2025 (10AM)**

# ਮਹਾਨ ਅੰਮ੍ਰਿਤ ਸੰਚਾਰ



## MAHAAN AMRIT SANCHAR



## Sunday 8th June 2025 (12PM)

ਆਵਾਜ਼ਿ ਕੌਮ AWAZE QAUM International Newspaper & WEB TV

**Kakaars will be provided by**

**GURDWARA BABA SANG JI SMETHWICK, BIRMINGHAM**

7-9 St Paul's Rd, Smethwick B66 1EE

**For more information contact:** Devinder Singh: **07452 765165** Manjinder Singh: **07848460728**

Design & Printed by Star Signs & Displays - 0121 572 0909


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਗਮ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਹੋਵੇਗਾ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਵਿਦੇਸ਼ ਨਿਵਾਸੀ ਸਿੱਖਾਂ ਵੱਲੋਂ ਅਪੀਲ
ਭਾਈ ਅਕਵਿੰਦਰ ਸਿੰਘ ਹੇਲਰਾਂ ਵਾਲੇ, ਯੂ.ਐਸ.ਏ.
ਭਾਈ ਗੁਰਸੇਵਕ ਸਿੰਘ ਕਿਲੀ ਚਾਹਲ, ਯੂ.ਐਸ.ਏ.
ਭਾਈ ਗੁਰਵਿੰਦਰ ਸਿੰਘ ਜਰਮਨ
ਗਿਆਨੀ ਭਾਈ ਰਣਜੀਤ ਸਿੰਘ ਕਾਹਲਵਾਂ, ਦਮਦਮੀ ਟਕਸਾਲ, ਯੂ.ਐਸ.ਏ.
ਭਾਈ ਗੁਰਪ੍ਰੀਤ ਸਿੰਘ ਯੂ.ਐਸ.ਏ.
ਗਿਆਨੀ ਭੁਪਿੰਦਰ ਸਿੰਘ ਦਮਦਮੀ ਟਕਸਾਲ
ਸ. ਜਸਪਾਲ ਸਿੰਘ ਕਿਲੀ ਚਾਹਲ ਅਮਰੀਕਾ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ
ਰਣਪ੍ਰੀਤ ਸਿੰਘ ਤੂਰ ਕੈਨੇਡਾ
ਸ. ਯਾਦਵਿੰਦਰ ਸਿੰਘ ਬਰਾੜ ਯੂ.ਐਸ.ਏ.
ਸ. ਮੱਖਣ ਸਿੰਘ ਧਾਲੀਵਾਲ ਯੂ.ਕੇ.
ਸ. ਕਰਨੈਲ ਸਿੰਘ ਨਾਹਲ ਯੂ.ਕੇ.
ਸ. ਹਰਵਿੰਦਰ ਸਿੰਘ ਢਿੱਲੋਂ ਰਾਮਪੁਰ ਖੇੜਾ ਯੂ.ਕੇ.
ਸ. ਮੇਹਰ ਸਿੰਘ ਢਿੱਲੋਂ ਸ੍ਰੀ ਅਨੰਦਪੁਰ ਸਾਹਿਬ, ਯੂ.ਕੇ.
ਸ. ਇੰਦਰਪਾਲ ਸਿੰਘ ਕੈਨੇਡਾ
ਬੇਨਤੀ ਕਰਤਾ : ਬਾਬਾ ਜੀ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ ਅਤੇ ਇਲਾਕਾ ਨਿਵਾਸੀ।
ਸੰਪਰਕ : 98140-29018, 97815-52538, 98140-13915
ਗੁਰੂ ਕਾ ਲੰਗਰ ਅਤੁੱਟ ਵਰਤੇਗਾ।


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਗਮ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਹੋਵੇਗਾ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਵਿਦੇਸ਼ ਨਿਵਾਸੀ ਸਿੱਖਾਂ ਵੱਲੋਂ ਅਪੀਲ
ਭਾਈ ਸੁਖਬਿੰਦਰ ਸਿੰਘ ਯੂ.ਕੇ.
ਭਾਈ ਅਮਰਜੀਤ ਸਿੰਘ ਯੂ.ਕੇ.
ਭਾਈ ਮਲਕੀਤ ਸਿੰਘ ਯੂ.ਕੇ.
ਭਾਈ ਬਲਕਾਰ ਸਿੰਘ ਯੂ.ਕੇ.
ਭਾਈ ਜਸਵੀਰ ਸਿੰਘ ਯੂ.ਕੇ
ਭਾਈ ਨਿਸ਼ਾਨ ਸਿੰਘ ਯੂ.ਕੇ
ਭਾਈ ਬਲਵਿੰਦਰ ਸਿੰਘ ਯੂ.ਕੇ.
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ
ਭਾਈ ਬਲਜੀਤ ਸਿੰਘ ਯੂ.ਕੇ.
ਭਾਈ ਜਗਤਾਰ ਸਿੰਘ ਯੂ.ਕੇ.
ਭਾਈ ਕਰਮਜੀਤ ਸਿੰਘ ਯੂ.ਕੇ.
ਭਾਈ ਮਾਨਵਿੰਦਰ ਸਿੰਘ ਯੂ.ਕੇ.
ਭਾਈ ਸੁੱਖਾ ਸਿੰਘ ਯੂ.ਕੇ.
ਸੁਰਿੰਦਰ ਸਿੰਘ ਯੂ.ਕੇ.
ਹਰਪਾਲ ਸਿੰਘ ਯੂ.ਕੇ.
ਬੇਨਤੀ ਕਰਤਾ : ਬਾਬਾ ਜੀ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ ਅਤੇ ਇਲਾਕਾ ਨਿਵਾਸੀ।
ਸੰਪਰਕ : 98140-29018, 97815-52538, 98140-13915
ਗੁਰੂ ਕਾ ਲੰਗਰ ਅਤੁੱਟ ਵਰਤੇਗਾ।


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਗਮ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਹੋਵੇਗਾ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਪਹੁੰਚ ਰਹੀਆਂ ਪੰਥਕ ਸਖਸ਼ੀਅਤਾਂ ਅਤੇ ਸੰਤ ਮਹਾਪੁਰਸ਼
ਬਾਬਾ ਸਰਬਜੋਤ ਸਿੰਘ ਜੀ ਬੇਦੀ ਅੰਸ਼-ਵੰਸ਼ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ
ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਜਥੇਦਾਰ ਬਾਬਾ ਬਲਬੀਰ ਸਿੰਘ ਜੀ ਮੁਖੀ ਬੁੱਢਾ ਦਲ 96ਵੀਂ ਕਰੋੜੀ
ਜਥੇਦਾਰ ਬਾਬਾ ਅਵਤਾਰ ਸਿੰਘ ਜੀ ਮੁਖੀ ਦਲ ਪੰਥ ਬਾਬਾ ਬਿਧੀ ਚੰਦ ਜੀ
ਸੰਤ ਬਾਬਾ ਜਗਜੀਤ ਸਿੰਘ ਜੀ ਸੰਪਰਦਾਇ ਹਰਖੋਵਾਲ ਵਾਲੇ
ਜਥੇਦਾਰ ਬਾਬਾ ਜੋਗਾ ਸਿੰਘ ਜੀ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ
ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ
ਸੰਤ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ
ਸੰਤ ਬਾਬਾ ਬਲਦੇਵ ਸਿੰਘ ਜੀ ਜੋਗੇਵਾਲ ਵਾਲੇ
ਸ੍ਰੀ ਮਹੰਤ ਬਾਬਾ ਰੇਸ਼ਮ ਸਿੰਘ ਜੀ ਨਿਰਮਲ ਸੰਪਰਦਾਇ
ਸੰਤ ਬਾਬਾ ਅਵਤਾਰ ਸਿੰਘ ਜੀ ਧੂਲਕੋਟ ਵਾਲੇ
ਬੇਨਤੀ ਕਰਤਾ : ਸੰਤਾਂ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ ਅਤੇ ਇਲਾਕਾ ਨਿਵਾਸੀ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ।
ਸੰਪਰਕ : 98140-29018, 97815-52538, 98140-13915


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਪਹੁੰਚ ਰਹੀਆਂ ਪੰਥਕ ਸਖਸ਼ੀਅਤਾਂ ਅਤੇ ਸੰਤ ਮਹਾਪੁਰਸ਼
ਬਾਬਾ ਸਰਬਜੋਤ ਸਿੰਘ ਜੀ ਬੇਦੀ ਅੰਸ਼-ਵੰਸ਼ ਸ੍ਰੀ ਗੁਰੂ ਨਾਨਕ ਦੇਵ ਜੀ
ਭਾਈ ਈਸ਼ਰ ਸਿੰਘ ਜੀ ਸਪੁੱਤਰ ਸੰਤ ਭਿੰਡਰਾਂਵਾਲੇ
ਜਥੇਦਾਰ ਬਾਬਾ ਬਲਬੀਰ ਸਿੰਘ ਜੀ ਮੁਖੀ ਬੁੱਢਾ ਦਲ 96 ਕਰੋੜੀ
ਜਥੇਦਾਰ ਬਾਬਾ ਅਵਤਾਰ ਸਿੰਘ ਜੀ ਮੁਖੀ ਦਲ ਪੰਥ ਬਾਬਾ ਬਿਧੀ ਚੰਦ ਜੀ
ਜਥੇਦਾਰ ਬਾਬਾ ਜੋਗਾ ਸਿੰਘ ਜੀ ਮੁਖੀ ਮਿਸਲ ਸ਼ਹੀਦਾਂ ਤਰਨਾ ਦਲ ਬਾਬਾ ਬਕਾਲਾ
ਸੰਤ ਬਾਬਾ ਗੁਰਦੇਵ ਸਿੰਘ ਜੀ ਗੁ. ਸ਼ਹੀਦੀ ਬਾਗ ਸ੍ਰੀ ਅਨੰਦਪੁਰ ਸਾਹਿਬ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸਿੰਘ ਸਾਹਿਬ ਗਿਆਨੀ ਗੁਰਮਿੰਦਰ ਸਿੰਘ ਜੀ
ਜਥੇਦਾਰ ਬਾਬਾ ਨਾਗਰ ਸਿੰਘ ਜੀ ਤਰਨਾ ਦਲ ਹਰੀਆਂ ਵੇਲਾਂ
ਜਥੇਦਾਰ ਬਾਬਾ ਜਗਜੀਤ ਸਿੰਘ ਜੀ ਗੁਰੂ ਨਾਨਕ ਦਲ ਮੜੀਆਂ ਵਾਲੇ
ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ ਮੁਖੀ ਦਸ਼ਮੇਸ਼ ਤਰਨਾ ਦਲ
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਜਥੇਦਾਰ ਸਵਰਨਜੀਤ ਸਿੰਘ ਮੁਖੀ ਤਰਨਾ ਦਲ ਦੋਆਬਾ
ਬੇਨਤੀ ਕਰਤਾ : ਸਮੂਹ ਬਾਬਾ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ, ਇਲਾਕਾ ਨਿਵਾਸੀ-ਸੰਗਤਾਂ।
ਸੰਪਰਕ : 98140-29018, 97815-52538, 98140-13915




# ਸੇਵਾ ਦੇ ਖੇਤਰ ਦੇ ਉੱਘੇ ਹਸਤਾਖਰ - ਬਾਬਾ ਖੜਕ ਸਿੰਘ ਕਾਰਸੇਵਾ ਵਾਲੇ

## 30 ਮਈ ਬਰਸੀ 'ਤੇ ਵਿਸ਼ੇਸ਼

-ਭਗਵਾਨ ਸਿੰਘ ਜੌਹਲ
bhagwansinghjohal@gmail.com
ਮੋਬਾਈਲ : 98143-24040



ਕਾਰਸੇਵਾ ਉਹੀ ਮਨੁੱਖ ਕਰ ਸਕਦਾ ਹੈ, ਜਿਸ ਦੇ ਹਿਰਦੇ ਵਿੱਚ ਪਰਉਪਕਾਰ ਵਸਿਆ ਹੋਵੇ ।ਮਨੁੱਖਤਾ ਦੀ ਭਲਾਈ ਅਤੇ ਸਰਬੱਤ ਦੇ ਭਲੇ ਲਈ ਕਾਰਜਸ਼ੀਲ ਹੋਣਾ ਕੋਈ ਸੁਖੈਨ ਕੰਮ ਨਹੀਂ । ਇਸ ਵੱਡੇ ਖੇਤਰ ਵਿੱਚ ਜਾਣ ਤੋਂ ਪਹਿਲਾਂ ਆਪਣਾ ਜੀਵਨ ਗੁਰੂ-ਘਰ ਨੂੰ ਸਮਰਪਿਤ ਕਰਨਾ ਪੈਂਦਾ ਹੈ । ਮਨ ਵਿੱਚ ਖੋਟ ਰੱਖਣ ਵਾਲੇ ਇਨਸਾਨ ਲੋਕ ਮਨਾਂ ਵਿੱਚੋਂ ਨਿਕਲ ਜਾਂਦੇ ਹਨ । ਜਿਹੜੇ ਰੱਬੀ ਜਿਊੜੇ ਇਸ ਖੇਤਰ ਵਿੱਚ ਤਨ ਮਨ ਧਨ ਨਾਲ ਸੰਗਤ ਦੀ ਸੇਵਾ ਵਿੱਚ ਰਾਤ-ਦਿਨ ਕੁੱਦ ਪੈਂਦੇ ਹਨ, ਉਹ ਇਸ ਧਰਤੀ ਦਾ ਸ਼ਿੰਗਾਰ ਬਣ ਜਾਂਦੇ ਹਨ ।ਅਜਿਹੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ ਬਾਬਾ ਖੜਕ ਸਿੰਘ ਕਾਰਸੇਵਾ ਵਾਲੇ ।ਕਾਰਸੇਵਾ ਦੇ ਖੇਤਰ ਨਾਲੋਂ ਵੱਧ ਕੇ ਉਹ ਅਜਿਹੀ ਰੰਗ ਰੱਤੜੀ ਆਤਮਾ ਦੇ ਮਾਲਕ ਸਨ, ਜਿਨ੍ਹਾਂ ਆਪਣੀ ਹਯਾਤੀ ਦੇ ਦੌਰਾਨ ਹਜ਼ਾਰਾਂ ਘਰਾਂ ਵਿੱਚ ਪਏ ਕਲਾ-ਕਲੇਸ਼ ਅਤੇ ਗੰਭੀਰ ਝਗੜੇ ਨਿਪਟਾਏ, ਜਿਨ੍ਹਾਂ ਨਾਲ ਕਿੰਨੇ ਕਤਲ ਹੋਣ ਤੋਂ

ਆਵਾਜ਼ਿ ਕੌਮ AWAZE QAUM
International Newspaper & WEB TV

ਸਮਾਜ ਨੂੰ ਬਚਾਇਆ । ਲੱਖਾਂ ਪਰਿਵਾਰਾਂ ਨੂੰ ਇਸ ਕੀਮਤੀ ਤੇ ਬਹੁਮੁੱਲੇ ਜੀਵਨ ਨੂੰ ਜੀਊਣ ਲਈ ਜੀਵਨ ਜਾਚ ਸਮਝਾਈ ।ਪਰਿਵਾਰਾਂ ਵਿੱਚ ਮਿਲ ਬੈਠ ਕੇ ਪਿਆਰ ਤੇ ਪ੍ਰੇਮ ਨਾਲ ਰਹਿਣ ਦੀ ਪ੍ਰੇਰਣਾ ਦਿੱਤੀ ।ਇਹ ਅਜਿਹੀ ਸੇਵਾ ਸੀ, ਜਿਸ ਨਾਲ ਹਜ਼ਾਰਾਂ ਪਰਿਵਾਰਾਂ ਦੇ ਮਨਾਂ ਵਿੱਚੋਂ ਮੈਲ ਕੱਢ ਕੇ ਗੁਰੂ-ਘਰ ਨਾਲ ਜੋੜਨ ਦਾ ਵੱਡਾ ਉਪਰਾਲਾ ਕੀਤਾ ।

ਬਾਬਾ ਖੜਕ ਸਿੰਘ ਦਾ ਜਨਮ ਲਾਹੌਰ (ਲਹਿੰਦਾ ਪੰਜਾਬ) ਜ਼ਿਲ੍ਹੇ ਦੇ ਪਿੰਡ ਬਰਕੀ ਵਿੱਚ ਸ। ਪਾਲਾ ਸਿੰਘ ਅਤੇ ਮਾਤਾ ਦਾਨ ਕੌਰ ਦੇ ਗ੍ਰਹਿ ਵਿਖੇ 1895 ਈ: ਵਿੱਚ ਹੋਇਆ ।ਪਰਿਵਾਰਕ ਜ਼ਿੰਮੇਵਾਰੀ ਨੂੰ ਸਮਝਦਿਆਂ ਪਹਿਲਾਂ ਦੇਸ਼ ਦੀ ਫੌਜ ਵਿੱਚ ਭਰਤੀ ਹੋ ਕੇ ਚੰਗੇ ਸਿਪਾਹੀ ਦੇ ਫਰਜ਼ ਨੂੰ ਨਿਭਾਇਆ ।ਜਵਾਨੀ ਵਿੱਚ ਹੀ ਰੱਬੀ-ਪ੍ਰੇਮ ਵਿੱਚ ਵੈਰਾਗ ਅਵਸਥਾ ਵਿੱਚ ਵਿਚਰਦਿਆਂ ਮਨੁੱਖਤਾ ਦੇ ਭਲੇ ਲਈ ਜੀਵਨ ਬਤੀਤ ਕਰਨ ਦੀ ਖਿੱਚ ਕਾਰਨ ਮਨ ਉਚਾਟ ਰਹਿਣ ਲੱਗ ਗਿਆ ।ਫੌਜ ਵਿੱਚੋਂ ਵਾਪਸ ਆ ਕੇ ਸੰਤ-ਸਿਪਾਹੀ ਵਜੋਂ ਵਿਚਰਨਾ ਸ਼ੁਰੂ ਕਰ ਦਿੱਤਾ । ਥੋੜ੍ਹੇ ਸਮੇਂ ਵਿੱਚ ਕਾਰਸੇਵਾ ਦੇ ਖੇਤਰ ਦੀ ਵੱਡੀ ਹਸਤੀ ਬਾਬਾ ਨਿਧਾਨ ਸਿੰਘ ਕਾਰਸੇਵਾ ਵਾਲਿਆਂ ਦੇ ਜਥੇ ਵਿੱਚ ਸ਼ਾਮਿਲ ਹੋ ਗਏ । ਉਦੋਂ ਹੁਣ ਵਾਂਗ ਇਸ ਖੇਤਰ ਵਿੱਚ ਮਾਇਆ ਦਾ ਪ੍ਰਭਾਵ ਨਹੀਂ ਸੀ । ਸੇਵਾ ਤਨਦੇਹੀ ਨਾਲ ਨਿਭਾਉਣੀ ਪੈਂਦੀ ਸੀ । ਇਨ੍ਹਾਂ ਦਿਨਾਂ ਵਿੱਚ ਗੁਰਦੁਆਰਾ ਸੁਧਾਰ ਲਹਿਰ ਚੱਲ ਰਹੀ ਸੀ । ਮਰਜੀਵੜੇ ਸਿੱਖ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਸਮੇਂ ਦੀ ਅੰਗ੍ਰੇਜ਼ ਹਕੂਮਤ ਦੀ ਘਰ-ਘਾਟਾਂ ਨੂੰ ਤਿਆਗ ਕੇ ਜਾਨ ਨਾਲੋਂ ਪਿਆਰੇ ਗੁਰਧਾਮਾਂ ਨੂੰ ਮਾੜੇ ਪ੍ਰਬੰਧ ਤੋਂ ਅਜ਼ਾਦ ਕਰਵਾਉਣਾ ਚਾਹੁੰਦੇ ਸਨ ।ਕਾਰਸੇਵਾ ਵਿੱਚ ਤਨ-ਦੇਹੀ ਨਾਲ ਸੇਵਾ ਨਿਭਾਉਂਦਿਆਂ ਜੈਤੋ ਦੇ ਮੋਰਚੇ ਦੌਰਾਨ ਗ੍ਰਿਫਤਾਰ ਹੋ ਗਏ ।ਮੋਰਚਾ ਫ਼ਤਹਿ ਹੋਣ ਤੱਕ ਕੈਦ ਕੱਟੀ ।ਜੇਲ੍ਹ ਵਿੱਚੋਂ ਵਾਪਸ ਆਉਂਦਿਆਂ ਹੀ ਮੁੜ ਕਾਰਸੇਵਾ ਨੂੰ ਸਮਰਪਿਤ ਹੋ ਗਏ ।

ਉਸ ਸਮੇਂ ਆਪ ਕਾਰਸੇਵਾ ਦੇ ਖੇਤਰ ਦੀ ਉੱਘੀ ਹਸਤੀ ਬਾਬਾ ਗੁਰਮੁੱਖ ਸਿੰਘ ਕਾਰਸੇਵਾ ਵਾਲਿਆਂ ਦੀ ਅਗਵਾਈ ਵਿੱਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਯਾਦਗਾਰੀ ਸ਼ਹੀਦੀ ਅਸਥਾਨ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੀ ਕਾਰਸੇਵਾ ਵਿੱਚ ਜੁੱਟੇ ਹੋਏ ਸਨ । ਇਸੇ ਦੌਰਾਨ ਇਕ ਦਿਨ ਲਾਹੌਰ ਵਿਖੇ ਕਾਬਲ (ਅਫ਼ਗਾਨਿਸਤਾਨ) ਤੋਂ ਇਕ ਜਥਾ ਦਰਸ਼ਨਾਂ ਲਈ ਆਇਆ ।ਉਦੋਂ ਅਫ਼ਗਾਨਿਸਤਾਨ ਦੇ ਸਿੰਘਾਂ ਦੀ ਸ਼ਰਧਾ ਤੇ ਪਿਆਰ ਵੇਖ ਕੇ ਉਨ੍ਹਾਂ ਨਾਲ ਸੇਵਾ ਦੇ ਪ੍ਰਥਾਇ ਵਿਚਾਰ ਕਰ ਰਹੇ ਸਨ ਤਾਂ ਉਸ ਆਈ ਹੋਈ ਸੰਗਤ ਨੇ ਬੀੜ ਬਾਬਾ ਬੁੱਢਾ ਸਾਹਿਬ ਦੀ ਨਵ-ਉਸਾਰੀ ਲਈ ਬੇਨਤੀ ਕੀਤੀ । ਬਾਬਾ ਗੁਰਮੁੱਖ ਸਿੰਘ ਨੇ ਬਾਬਾ ਖੜਕ ਸਿੰਘ ਨੂੰ ਇਕ ਜ਼ਿੰਮੇਵਾਰ ਕਾਰ-ਸੇਵਕ ਵਜੋਂ ਬੀੜ ਬਾਬਾ ਬੁੱਢਾ ਸਾਹਿਬ ਜੀ ਦੇ ਅਸਥਾਨ ਦੀ ਸੇਵਾ ਸੌਂਪ ਦਿੱਤੀ । ਬਾਬਾ ਜੀ ਲਾਹੌਰ ਤੋਂ ਸੀਮਤ ਜਿਹਾ ਉਸਾਰੀ ਦਾ ਸਮਾਨ ਲੈ ਕੇ ਬੀੜ ਬਾਬਾ ਬੁੱਢਾ ਸਾਹਿਬ ਪਹੁੰਚ ਗਏ । ਇਥੇ ਪੁੱਜਦਿਆਂ ਹੀ ਸਭ ਤੋਂ ਪਹਿਲਾਂ ਪਾਵਨ-ਸਰੋਵਰ ਅਤੇ ਇਸ ਤੋਂ ਪਿੱਛੋਂ ਗੁਰਦੁਆਰਾ ਸਾਹਿਬ ਦੇ ਨਵ-ਨਿਰਮਾਣ ਦੀ ਸੇਵਾ ਸ਼ੁਰੂ ਕੀਤੀ ।ਇਸ ਕਾਰਸੇਵਾ ਤੋਂ ਇਲਾਵਾ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਮੌਜੂਦਾ ਆਧੁਨਿਕ ਲੰਗਰ ਦੀ ਇਮਾਰਤ ਦੀ ਸੇਵਾ ਨੂੰ ਪ੍ਰਮੁੱਖ ਫਰਜ਼ ਸਮਝਦੇ ਨਿਭਾਇਆ ।ਇਸ ਸੇਵਾ ਤੋਂ ਪਿੱਛੋਂ ਧੰਨ ਗੁਰੂ ਰਾਮਦਾਸ ਜੀ ਦੇ ਪਾਵਨ ਅੰਮ੍ਰਿਤ ਸਰੋਵਰ ਲਈ ਪੁਰਾਤਨ ਹੰਸਲੀ ਦੇ ਨਵ-ਨਿਰਮਾਣ ਲਈ ਜਲ ਲਿਆਉਣ ਦੀ ਸੇਵਾ ਨੂੰ ਵੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਸੰਪੂਰਨ ਕੀਤਾ ।

ਸ੍ਰੀ ਗੋਇੰਦਵਾਲ ਸਾਹਿਬ ਦੇ ਨੇੜੇ ਬਿਆਸ ਦਰਿਆ ਉੱਪਰ ਬਣ ਰਹੇ ਪੁੱਲ ਦੀ ਉਸਾਰੀ ਲਈ ਵੀ ਯੋਗਦਾਨ ਪਾਇਆ ।ਇਨ੍ਹਾਂ ਸੇਵਾਵਾਂ ਤੋਂ ਇਲਾਵਾ ਬੀੜ ਸਾਹਿਬ ਦੇ ਇਲਾਕੇ ਵਿੱਚ ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਲਈ ਵੱਡੇ ਯਤਨਾਂ ਨੂੰ ਸਫ਼ਲਤਾ ਨਾਲ ਸਿਰੇ ਚਾੜ੍ਹਿਆ । ਬਾਬਾ ਬੁੱਢਾ ਸਾਹਿਬ ਕਾਲਜ, ਬਾਬਾ ਬੁੱਢਾ ਸਾਹਿਬ ਸੀਨੀਅਰ ਸੈਕੰਡਰੀ ਸਕੂਲ ਅਤੇ ਪਬਲਿਕ ਸਕੂਲ ਆਪ ਜੀ ਦੀ ਵਿੱਦਿਅਕ ਸੇਵਾਵਾਂ ਪ੍ਰਤੀ ਲਗਨ ਦੇ ਪ੍ਰਤੱਖ ਸਬੂਤ ਹਨ ।ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ 1984 ਈ: ਵਿੱਚ ਵਾਪਰੇ ਕਤਲਾਮ ਅਤੇ ਘੱਲੂਘਾਰੇ ਨੇ ਆਪ ਨੂੰ ਧੁਰ-ਅੰਦਰੋਂ ਹਿਲਾ ਕੇ ਰੱਖ ਦਿੱਤਾ । ਇਸ ਘੱਲੂਘਾਰੇ ਦਾ ਉਨ੍ਹਾਂ ਦੀ ਅੰਤਰ-ਆਤਮਾ 'ਤੇ ਗਹਿਰਾ ਅਸਰ ਹੋਇਆ । ਘੱਲੂਘਾਰੇ ਤੋਂ ਦੋ ਕੁ ਸਾਲ ਪਿੱਛੋਂ 30 ਮਈ, 1986 ਈ: ਨੂੰ ਸਰੀਰ ਕਰਕੇ ਕੁਝ ਸਮਾਂ ਢਿੱਲੇ ਹੋਣ ਪਿੱਛੋਂ ਆਪਣੇ ਪੰਚ-ਭੂਤਕ ਸਰੀਰ ਨੂੰ ਛੱਡ ਕੇ ਸਚਖੰਡ ਜਾ ਬਿਰਾਜੇ ।ਉਨ੍ਹਾਂ ਤੋਂ ਪਿੱਛੋਂ ਇਨ੍ਹਾਂ ਕਾਰਸੇਵਾਵਾਂ ਨੂੰ ਬਾਬਾ ਦਰਸ਼ਨ ਸਿੰਘ ਬਾਖੂਬੀ ਨਿਭਾਉਂਦੇ ਰਹੇ । ਮੌਜੂਦਾ ਸਮੇਂ ਇਨ੍ਹਾਂ ਸੇਵਾਵਾਂ ਨੂੰ ਬਾਬਾ ਸੰਤੋਖ ਸਿੰਘ ਪੂਰੀ ਤਨ-ਦੇਹੀ ਨਾਲ ਸਰ-ਅੰਜ਼ਾਮ ਦੇ ਰਹੇ ਹਨ । ਬਾਬਾ ਖੜਕ ਸਿੰਘ ਅਤੇ ਬਾਬਾ ਦਰਸ਼ਨ ਸਿੰਘ ਦੀ ਯਾਦ ਵਿੱਚ ਮਹਾਨ ਗੁਰਮਤਿ ਸਮਾਗਮ ਹੋ ਰਹੇ ਹਨ। ••

ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਸੰਤ ਭਿੰਡਰਾਂਵਾਲਿਆਂ ਦਾ ਜਨਮ ਦਿਨ ਸਮਾਗਮ

## 2 ਜੂਨ ਨੂੰ ਪਿੰਡ ਰੋਡੇ ਪਹੁੰਚੋ

**ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ**

**ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ**



ਜਦੋਂ ਵੀ ਪੰਥ ਦੇ ਸਿਰਮੌਰ ਸ਼ਹੀਦ, ਸੁਯੋਗ ਅਗਵਾਈ, ਗੁਰਬਾਣੀ ਦੇ ਅਦਬ ਸਤਿਕਾਰ, ਕੌਮੀ ਹੱਕਾਂ, ਸਿੱਖਾਂ ਦੀ ਆਜ਼ਾਦੀ ਜਾਂ ਖ਼ਾਲਸਾ ਰਾਜ ਦੀ ਗੱਲ ਚੱਲਦੀ ਹੈ ਤਾਂ ਵਿਸ਼ੇਸ਼ ਤੌਰ 'ਤੇ ਹਰ ਸਿੱਖ ਸੰਤ ਬਾਬਾ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਨਾਮ ਲੈ ਕੇ ਸੰਗਤਾਂ ਨੂੰ ਪ੍ਰੇਰਿਤ ਕਰਦਾ ਹੈ, ਉਨ੍ਹਾਂ ਮਹਾਨ ਮਹਾਂਪੁਰਖਾਂ ਦੇ ਜਨਮ ਅਸਥਾਨ ਗੁਰਦੁਆਰਾ ਸੰਤ ਖ਼ਾਲਸਾ ਰੋਡੇ ਵਿਖੇ ਹਰ ਸਾਲ ਦੀ ਤਰ੍ਹਾਂ ਬਹੁਤ ਉਤਸ਼ਾਹ ਸਹਿਤ 2 ਜੂਨ 2025 ਨੂੰ ਸੰਤ ਭਿੰਡਰਾਂਵਾਲਿਆਂ ਦੇ ਜਨਮ ਦਿਨ ਦੇ ਸਬੰਧ ਵਿੱਚ ਬਹੁਤ ਵੱਡੇ ਪੱਧਰ ਤੇ ਗੁਰਮਤਿ ਸਮਾਗਮ ਹਰ ਸਾਲ ਦੀ ਤਰ੍ਹਾਂ ਕਰਵਾਏ ਜਾ ਰਹੇ ਹਨ, ਸੋ ਵੱਡੇ ਪ੍ਰਬੰਧ ਕਰਨ ਲਈ ਆਪ ਸੰਗਤਾਂ ਦੇ ਸਹਿਯੋਗ ਦੀ ਬਹੁਤ ਲੋੜ ਹੈ, ਆਪ ਜੀ ਥੋੜ੍ਹੇ ਵਿਚੋਂ ਥੋੜ੍ਹਾ ਅਤੇ ਬਹੁਤੇ ਵਿਚੋਂ ਬਹੁਤਾ ਸਹਿਯੋਗ ਤਿਲ ਫੁੱਲ ਮਾਇਆ ਸਹਿਤ ਕਰਨ ਦੀ ਕ੍ਰਿਪਾਲਤਾ ਕਰਨੀ ਜੀ, ਵਾਹਿਗੁਰੂ ਜੀ ਸਭ ਨੂੰ ਚੜ੍ਹਦੀਕਲਾ ਵਿੱਚ ਰੱਖਣ, ਸਿੱਧੀ ਸੇਵਾ ਭੇਜਣ ਲਈ ਗੁਰਦੁਆਰਾ ਸੰਤ ਖ਼ਾਲਸਾ (ਜਨਮ ਅਸਥਾਨ, ਸੰਤ ਭਿੰਡਰਾਂਵਾਲੇ) ਪਿੰਡ ਰੋਡੇ ਦਾ ਬੈਂਕ ਖ਼ਾਤਾ ਨੰਬਰ ਹੈ :

**PUNJAB NATIONAL BANK BAGHA PURANA**

**DISTRICT MOGA PUNJAB, INDIA-142038**

**A/C - 1747102100000016 GURDWARA SANT KHALSA**

**JANAM ASTHAN SANT GIANI JARNAIL SINGH JI**

**IFSC:PUNB0063710, SWIFTPUNBINBBLIA**

**ਸਿਰਫ ਸੰਤਾਂ ਦਾ ਨਾਮ ਹੀ ਨਾ ਵਰਤੀਏ, ਸਗੋਂ ਉਨ੍ਹਾਂ ਦੇ ਜਨਮ ਦਿਨ ਦੇ ਮਹਾਨ ਸਮਾਗਮ ਵਿੱਚ ਸ਼ਾਮਿਲ ਹੋਈਏ, ਮਾਇਆ ਦਾ ਸਹਿਯੋਗ ਦਿੰਦੇ ਹੋਏ ਤਨ, ਮਨ ਕਰਕੇ ਸਮਰਪਿਤ ਹੁੰਦਿਆਂ ਉਨ੍ਹਾਂ ਦਾ ਉਪਦੇਸ਼ ਵੀ ਕਮਾਈਏ**

ਆਵਾਜ਼ਿ ਕੌਮ AWAZE QAUM International Newspaper & WEB TV

# ਜਨਮ-ਦਿਨ ਸਮਾਗਮ

## ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ



ਗੁਰੂ ਪਿਆਰੇ ਖ਼ਾਲਸਾ ਜੀ ਸਭਨਾਂ ਨੂੰ ਹਾਰਦਿਕ ਸੱਦਾ ਹੈ ਕਿ 02 ਜੂਨ ਦਿਨ ਸੋਮਵਾਰ ਨੂੰ 10 ਤੋਂ ਸ਼ਾਮ 3 ਵਜੇ ਤੱਕ ਗੁਰਦੁਆਰਾ ਸੰਤ ਖ਼ਾਲਸਾ ਪਿੰਡ ਰੋਡੇ ਵਿਖੇ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦਾ ਜਨਮ ਦਿਨ ਸਮਾਗਮ ਹੋਵੇਗਾ ਜਿਥੇ ਪੰਥਕ ਵਿਚਾਰਾਂ ਹੋਣਗੀਆਂ ਆਓ ਸਾਰੇ ਰਲ ਕੇ ਪੰਥ ਦੇ ਉਜਲੇ ਭਵਿੱਖ ਲਈ ਰਣਨੀਤੀ ਬਣਾਉਣ ਦਾ ਯਤਨ ਕਰੀਏ ਤੇ ਆਸ ਰੱਖੀਏ "ਗੁਰੂ ਭਲਾ ਕਰੇਗਾ"

ਗੁਰੂ ਪੰਥ ਦਾ ਦਾਸ। ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖ਼ਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਗਮ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਹੋਵੇਗਾ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਇੰਟਰਨੈਸ਼ਨਲ ਪੰਥਕ ਦਲ ਇੰਗਲੈਂਡ ਇਕਾਈ
ਭਾਈ ਗੁਰਦੇਵ ਸਿੰਘ ਜੀ ਬਰਾੜ ਰੋਡੇ (ਯੂ.ਕੇ.)
ਭਾਈ ਜਸਪਾਲ ਸਿੰਘ, ਲੈਸਟਰ ਖਜ਼ਾਨਚੀ IPD
ਭਾਈ ਸ਼ਮਸ਼ੇਰ ਬਹਾਦਰ ਸਿੰਘ, ਲੈਸਟਰ ਪ੍ਰੈਸ ਸਕੱਤਰ ਮੀਤ ਖਜ਼ਾਨਚੀ IPD
ਭਾਈ ਅਪਿੰਦਰਪਾਲ ਸਿੰਘ ਹੈਪੀ ਬਰਮਿੰਘਮ ਮੀਤ ਖਜ਼ਾਨਚੀ IPD
ਭਾਈ ਮੱਖਣ ਸਿੰਘ ਇਰਾਨੀ ਬਰਮਿੰਘਮ, ਸੀਨੀਅਰ ਮੈਂਬਰ IPD
ਭਾਈ ਬਲਬੀਰ ਸਿੰਘ ਰੰਧਾਵਾ ਯੂ.ਕੇ.
ਧੰਨਾ ਸਿੰਘ ਗੋਸਲ ਯੂ.ਕੇ.
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ
ਭਾਈ ਅਮਰੀਕ ਸਿੰਘ ਤੂਰ, ਡਰਬੀ ਸੀਨੀਅਰ ਮੈਂਬਰ IPD
ਭਾਈ ਗੁਰਵਿੰਦਰ ਸਿੰਘ ਬਾਜਵਾ, ਕਵੈਂਟਰੀ ਸੀਨੀਅਰ ਮੈਂਬਰ IPD
ਭਾਈ ਬਲਜੀਤ ਸਿੰਘ ਕੰਗ ਬਰਮਿੰਘਮ ਸਹਿਯੋਗੀ IPD
ਭਾਈ ਨਛੱਤਰ ਸਿੰਘ ਛੋਕਰ, ਡਰਬੀ ਸਹਿਯੋਗੀ IPD
ਜਥੇਦਾਰ ਪ੍ਰਗਟ ਸਿੰਘ ਜੀ ਇਟਲੀ, ਪ੍ਰਧਾਨ IPD
ਜਸਵਿੰਦਰ ਸਿੰਘ ਇਟਲੀ
ਜਥੇਦਾਰ ਨਛੱਤਰ ਸਿੰਘ ਜੀ ਅਸਟਰੀਆ ਪ੍ਰਧਾਨ IPD
ਬੇਨਤੀ ਕਰਤਾ : ਸੰਤਾਂ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਇੰਟਰਨੈਸ਼ਨਲ ਪੰਥਕ ਦਲ ਤੇ ਸਮੂਹ ਸੰਗਤਾਂ
ਸੰਪਰਕ : 98140-29018, 97815-52538, 98140-13915


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਗਮ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਹੋਵੇਗਾ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਇੰਟਰਨੈਸ਼ਨਲ ਪੰਥਕ ਦਲ ਇੰਗਲੈਂਡ ਇਕਾਈ
ਭਾਈ ਰਘਵੀਰ ਸਿੰਘ ਵਾਲਸਾਲ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ
ਭਾਈ ਪਰਮਜੀਤ ਸਿੰਘ ਢਾਡੀ ਵੈਨਸਫੀਲਡ ਅੰਤਰਰਾਸ਼ਟਰੀ ਚੀਫ਼ ਆਰਗੇਨਾਈਜ਼ਰ IPD
ਭਾਈ ਕਪਤਾਨ ਸਿੰਘ ਵੁਲਵਰਹੈਂਪਟਨ ਜਨਰਲ ਸਕੱਤਰ ਅਤੇ ਮੁੱਖ ਬੁਲਾਰਾ IPD
ਭਾਈ ਰਘਵੀਰ ਸਿੰਘ ਮਾਲੜੀ, ਨੌਟਿੰਘਮ, ਚੀਫ਼ ਆਰਗੇਨਾਈਜ਼ਰ IPD
ਬਾਬਾ ਬਘੇਲ ਸਿੰਘ, ਬਰਮਿੰਘਮ, ਜਥੇਦਾਰ ਧਾਰਮਿਕ ਵਿੰਗ IPD
ਭਾਈ ਰਘਵੀਰ ਸਿੰਘ ਬੀਰ੍ਹਾ, ਬਰਮਿੰਘਮ, ਮੀਤ ਪ੍ਰਧਾਨ IPD
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ
ਭਾਈ ਹਰਜਿੰਦਰ ਸਿੰਘ ਬ੍ਰੈਡਫੋਰਡ ਸੀਨੀਅਰ ਮੀਤ ਪ੍ਰਧਾਨ IPD
ਭਾਈ ਸੰਤੋਖ ਸਿੰਘ ਕਵੈਂਟਰੀ ਸੀਨੀਅਰ ਮੀਤ ਸਕੱਤਰ IPD
ਭਾਈ ਬਿਕਰਮਜੀਤ ਸਿੰਘ ਵਾਲਸਾਲ ਮੀਤ ਸਕੱਤਰ IPD
ਭਾਈ ਮਨਜਿੰਦਰ ਸਿੰਘ ਕਵੈਂਟਰੀ ਸਾਊਥ ਆਰਗੇਨਾਈਜ਼ਰ IPD
ਭਾਈ ਸੁਰਿੰਦਰਪਾਲ ਸਿੰਘ ਵਾਲਸਾਲ ਮਿਡਲੈਂਡ ਆਰਗੇਨਾਈਜ਼ਰ IPD
ਭਾਈ ਚਰਨਜੀਤ ਸਿੰਘ ਡਰਬੀ, ਨਾਰਥ ਆਰਗੇਨਾਈਜ਼ਰ IPD
ਬੇਨਤੀ ਕਰਤਾ : ਸੰਤਾਂ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਇੰਟਰਨੈਸ਼ਨਲ ਪੰਥਕ ਦਲ ਤੇ ਸਮੂਹ ਸੰਗਤਾਂ
ਸੰਪਰਕ : 98140-29018, 97815-52538, 98140-13915


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਗਮ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਹੋਵੇਗਾ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਵਿਦੇਸ਼ ਨਿਵਾਸੀ ਸਿੱਖਾਂ ਵੱਲੋਂ ਅਪੀਲ
ਭਾਈ ਅਕਵਿੰਦਰ ਸਿੰਘ ਹੇਲਰਾਂ ਵਾਲੇ, ਯੂ.ਐਸ.ਏ.
ਭਾਈ ਗੁਰਸੇਵਕ ਸਿੰਘ ਕਿਲੀ ਚਾਹਲ, ਯੂ.ਐਸ.ਏ.
ਭਾਈ ਗੁਰਵਿੰਦਰ ਸਿੰਘ ਜਰਮਨ
ਗਿਆਨੀ ਭਾਈ ਰਣਜੀਤ ਸਿੰਘ ਕਾਹਲਵਾਂ, ਦਮਦਮੀ ਟਕਸਾਲ, ਯੂ.ਐਸ.ਏ.
ਭਾਈ ਗੁਰਪ੍ਰੀਤ ਸਿੰਘ ਯੂ.ਐਸ.ਏ.
ਗਿਆਨੀ ਭੁਪਿੰਦਰ ਸਿੰਘ ਦਮਦਮੀ ਟਕਸਾਲ
ਭਾਈ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ
ਰਣਪ੍ਰੀਤ ਸਿੰਘ ਤੂਰ ਕੈਨੇਡਾ
ਸ. ਯਾਦਵਿੰਦਰ ਸਿੰਘ ਬਰਾੜ ਯੂ.ਐਸ.ਏ.
ਸ. ਮੱਖਣ ਸਿੰਘ ਧਾਲੀਵਾਲ ਯੂ.ਕੇ.
ਸ. ਕਰਨੈਲ ਸਿੰਘ ਨਾਹਲ ਯੂ.ਕੇ.
ਸ. ਹਰਵਿੰਦਰ ਸਿੰਘ ਢਿੱਲੋਂ ਰਾਮਪੁਰ ਖੇੜਾ ਯੂ.ਕੇ.
ਸ. ਮੇਹਰ ਸਿੰਘ ਢਿੱਲੋਂ ਸ੍ਰੀ ਅਨੰਦਪੁਰ ਸਾਹਿਬ, ਯੂ.ਕੇ.
ਭਾਈ
ਬੇਨਤੀ ਕਰਤਾ : ਬਾਬਾ ਜੀ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ ਅਤੇ ਇਲਾਕਾ ਨਿਵਾਸੀ।
ਸੰਪਰਕ : 98140-29018, 97815-52538, 98140-13915
ਗੁਰੂ ਕਾ ਲੰਗਰ ਅਤੁੱਟ ਵਰਤੇਗਾ।


ਸੰਤ ਭਿੰਡਰਾਂਵਾਲਿਆਂ ਦੇ
ਜਨਮ ਦਿਨ ਸਮਾਗਮ ਵਿੱਚ
ਪਹੁੰਚੀਆਂ ਦੇਸ਼-ਵਿਦੇਸ਼ ਦੀਆਂ ਸਮੂਹ ਸੰਗਤਾਂ ਨੂੰ
ਗੁਰਦੁਆਰਾ ਸੰਤ ਖਾਲਸਾ ਰੋੜੇ ਦੇ ਸਮੂਹ ਸੇਵਾਦਾਰਾਂ ਵੱਲੋਂ
ਜੀ ਆਇਆਂ ਨੂੰ
ਗਿਆਨੀ ਬਲਵਿੰਦਰ ਸਿੰਘ ਜੀ ਹੈੱਡ ਗ੍ਰੰਥੀ ਗੁ: ਸੰਤ ਖਾਲਸਾ ਰੋੜੇ
ਜਥੇਦਾਰ ਬੂਟਾ ਸਿੰਘ ਜੀ ਗੁ: ਸੰਤ ਖਾਲਸਾ ਰੋੜੇ
ਭਾਈ ਜੀਵਨ ਸਿੰਘ ਗੁ: ਸੰਤ ਖਾਲਸਾ ਰੋੜੇ
ਗਿਆਨੀ ਅਵਤਾਰ ਸਿੰਘ ਜੀ ਗੁ: ਸੰਤ ਖਾਲਸਾ ਰੋੜੇ
ਬਾਬਾ ਗੁਰਜੀਤ ਸਿੰਘ ਗੁ: ਸੰਤ ਖਾਲਸਾ ਰੋੜੇ
ਭਾਈ ਜਸਵੰਤ ਸਿੰਘ ਗੁ: ਸੰਤ ਖਾਲਸਾ ਰੋੜੇ
ਭਾਈ ਅੰਮ੍ਰਿਤਪਾਲ ਸਿੰਘ ਗੁ: ਸੰਤ ਖਾਲਸਾ ਰੋੜੇ
ਭਾਈ ਲਾਡੀ ਸਿੰਘ ਗੁ: ਸੰਤ ਖਾਲਸਾ ਰੋੜੇ
ਭਾਈ ਜੋਗਾ ਸਿੰਘ ਗੁ: ਸੰਤ ਖਾਲਸਾ ਰੋੜੇ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਭਾਈ ਹਰਮਨ ਸਿੰਘ ਗੁ: ਸੰਤ ਖਾਲਸਾ ਰੋੜੇ
ਭਾਈ ਬਿਪਰੀਤ ਸਿੰਘ ਗੁ: ਸੰਤ ਖਾਲਸਾ ਰੋੜੇ
ਭਾਈ ਕਰਨਬੀਰ ਸਿੰਘ ਗੁ: ਸੰਤ ਖਾਲਸਾ ਰੋੜੇ
ਭਾਈ ਸੰਦੀਪ ਸਿੰਘ ਗੁ: ਸੰਤ ਖਾਲਸਾ ਰੋੜੇ
ਭਾਈ ਜਰਮਨਜੀਤ ਸਿੰਘ ਗੁ: ਸੰਤ ਖਾਲਸਾ ਰੋੜੇ
ਭਾਈ ਬਲਕਾਰ ਸਿੰਘ ਗੁ: ਸੰਤ ਖਾਲਸਾ ਰੋੜੇ
ਭਾਈ ਗੁਰਪਾਲ ਸਿੰਘ ਗੁ: ਸੰਤ ਖਾਲਸਾ ਰੋੜੇ
ਭਾਈ ਰੋਹਨਪ੍ਰੀਤ ਸਿੰਘ ਗੁ: ਸੰਤ ਖਾਲਸਾ ਰੋੜੇ
ਭਾਈ ਰਾਜਦੀਪ ਸਿੰਘ ਗੁ: ਸੰਤ ਖਾਲਸਾ ਰੋੜੇ
ਬੇਨਤੀ ਕਰਤਾ : ਬਾਬਾ ਜੀ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ, ਇਲਾਕਾ ਨਿਵਾਸੀ।
ਸੰਪਰਕ : 98140-29018, 97815-52538, 98140-13915
ਗੁਰੂ ਕਾ ਲੰਗਰ ਅਤੁੱਟ ਵਰਤੇਗਾ।



ਸੰਤ ਭਿੰਡਰਾਂਵਾਲਿਆਂ ਦੇ
ਜਨਮ ਦਿਨ ਸਮਾਗਮ ਵਿੱਚ
ਦੇਸ਼-ਵਿਦੇਸ਼ ਤੋਂ ਪਹੁੰਚੀਆਂ ਸਮੂਹ ਸੰਗਤਾਂ ਨੂੰ
ਬਾਬਾ ਜੀ ਦੇ ਸਮੂਹ ਪਰਿਵਾਰ ਵੱਲੋਂ
ਜੀ ਆਇਆਂ ਨੂੰ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸੰਤ ਭਿੰਡਰਾਂਵਾਲਿਆਂ ਦੇ ਭਰਾਤਾ
ਕੈਪਟਨ ਹਰਚਰਨ ਸਿੰਘ ਜੀ ਰੋਡੇ
ਸੰਤ ਭਿੰਡਰਾਂਵਾਲਿਆਂ ਦੇ ਸਪੁੱਤਰ
ਭਾਈ ਈਸ਼ਰ ਸਿੰਘ
ਸੰਤ ਭਿੰਡਰਾਂਵਾਲਿਆਂ ਦੇ ਸਪੁੱਤਰ
ਭਾਈ ਇੰਦਰਜੀਤ ਸਿੰਘ
ਸੰਤ ਭਿੰਡਰਾਂਵਾਲਿਆਂ ਦੇ ਭਤੀਜੇ
ਭਾਈ ਹਰਦਿਆਲ ਸਿੰਘ ਰੋਡੇ
ਸੰਤ ਭਿੰਡਰਾਂਵਾਲਿਆਂ ਦੇ ਭਤੀਜੇ
ਭਾਈ ਅਜਮੇਰ ਸਿੰਘ ਰੋਡੇ
ਸੰਤ ਭਿੰਡਰਾਂਵਾਲਿਆਂ ਦੇ ਭਤੀਜੇ
ਭਾਈ ਹਰਪਾਲ ਸਿੰਘ ਰੋਡੇ
ਸੰਤ ਭਿੰਡਰਾਂਵਾਲਿਆਂ ਦੇ ਭਤੀਜੇ
ਭਾਈ ਜਸਵੰਤ ਸਿੰਘ ਰੋਡੇ
ਭਤੀਜੇ ਸੰਤ ਭਿੰਡਰਾਂਵਾਲਿਆਂ ਦੇ
ਸ. ਮਨਮੋਹਨ ਸਿੰਘ ਰੋਡੇ
ਭਤੀਜੇ ਸੰਤ ਭਿੰਡਰਾਂਵਾਲਿਆਂ ਦੇ
ਭਾਈ ਹਰਜਿੰਦਰ ਸਿੰਘ ਰੋਡੇ
ਭਾਈ ਅਮੋਲਕ ਸਿੰਘ
ਅਖਾੜਾ
ਭਾਈ ਰਛਪਾਲ ਸਿੰਘ ਬਰਾੜ
ਮੁੱਲਾਂਪੁਰ
ਪੋਤਰਾ ਸੰਤ ਭਿੰਡਰਾਂਵਾਲਿਆਂ ਦਾ
ਭਾਈ ਬਲਕਾਰ ਸਿੰਘ ਬਰਾੜ
ਪੋਤਰਾ ਸੰਤ ਭਿੰਡਰਾਂਵਾਲਿਆਂ ਦਾ
ਸ. ਗੁਰਮੁਖ ਸਿੰਘ ਬਰਾੜ
ਭਤੀਜੇ ਸੰਤ ਭਿੰਡਰਾਂਵਾਲਿਆਂ ਦੇ
ਭਾਈ ਇਕਬਾਲ ਸਿੰਘ ਰੋਡੇ
ਭਤੀਜੇ ਸੰਤ ਭਿੰਡਰਾਂਵਾਲਿਆਂ ਦੇ
ਭਾਈ ਅਵਤਾਰ ਸਿੰਘ ਬਰਾੜ, ਕੈਨੇਡਾ




ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਭਿੰਡਰਾਂਵਾਲਿਆਂ ਦਾ ਕੈਨੇਡਾ ਨਿਵਾਸੀ ਪਰਿਵਾਰ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਬ੍ਰਹਮਜੋਤ ਸਿੰਘ ਬਰਾੜ, ਇੰਦਰਪਾਲ ਸਿੰਘ ਬਰਾੜ, ਜਸਕਰਨ ਸਿੰਘ ਬਰਾੜ, ਭਗਤ ਸਿੰਘ ਬਰਾੜ, ਅਜੀਤ ਸਿੰਘ ਬਰਾੜ, ਗੁਰਜਾਪ ਸਿੰਘ ਬਰਾੜ, ਕਮਲਜੀਤ ਸਿੰਘ ਮਿੱਠਾ।
ਬੇਨਤੀ ਕਰਤਾ : ਬਾਬਾ ਜੀ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ ਅਤੇ ਇਲਾਕਾ ਨਿਵਾਸੀ।
ਸੰਪਰਕ : 98140-29018, 97815-52538, 98140-13915
ਗੁਰੂ ਕਾ ਲੰਗਰ ਅਤੁੱਟ ਵਰਤੇਗਾ


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਗੁ: ਪਾ: ਨੌਵੀਂ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਪਿੰਡ ਕਣਕਵਾਲ ਭੰਗੂਆਂ (ਸੰਗਰੂਰ)
ਭਾਈ ਅਜਾਦ ਸਿੰਘ ਦਮਦਮੀ ਟਕਸਾਲ
ਭਾਈ ਗੁਰਤੇਜ ਸਿੰਘ ਦਮਦਮੀ ਟਕਸਾਲ
ਭਾਈ ਸੁਖਪ੍ਰੀਤ ਸਿੰਘ ਦਮਦਮੀ ਟਕਸਾਲ
ਭਾਈ ਸੁਖਚਰਨ ਸਿੰਘ ਦਮਦਮੀ ਟਕਸਾਲ
ਭਾਈ ਅਜੀਤ ਸਿੰਘ ਦਮਦਮੀ ਟਕਸਾਲ
ਭਾਈ ਨਰਮੀਤ ਸਿੰਘ ਦਮਦਮੀ ਟਕਸਾਲ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਭਾਈ ਹਰਲਿਵ ਸਿੰਘ ਦਮਦਮੀ ਟਕਸਾਲ
ਭਾਈ ਗੁਰਸੇਵਕ ਸਿੰਘ ਦਮਦਮੀ ਟਕਸਾਲ
ਭਾਈ ਪਲਵਿੰਦਰ ਸਿੰਘ ਦਮਦਮੀ ਟਕਸਾਲ
ਭਾਈ ਕੌਰ ਸਿੰਘ ਦਮਦਮੀ ਟਕਸਾਲ
ਭਾਈ ਮਨਪ੍ਰੀਤ ਸਿੰਘ ਦਮਦਮੀ ਟਕਸਾਲ
ਭਾਈ ਸੁਖਜਿੰਦਰ ਸਿੰਘ ਦਮਦਮੀ ਟਕਸਾਲ
ਭਾਈ ਅਮਰਜੀਤ ਸਿੰਘ ਮਰਿਯਾਦਾ
ਗੁ: ਪਾ: ਨੌਵੀਂ ਗੁਰਮਤਿ ਵਿਦਿਆਲਾ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ ਪਿੰਡ ਕਣਕਵਾਲ ਭੰਗੂਆਂ (ਸੰਗਰੂਰ)
ਬੇਨਤੀ ਕਰਤਾ : ਬਾਬਾ ਜੀ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ ਅਤੇ ਇਲਾਕਾ ਨਿਵਾਸੀ।
ਸੰਪਰਕ : 98140-29018, 97815-52538, 98140-13915
ਗੁਰੂ ਕਾ ਲੰਗਰ ਅਤੁੱਟ ਵਰਤੇਗਾ


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਂ 10 ਵਜੇ ਤੋਂ ਸ਼ਾਮ 3 ਵਜੇ ਤੱਕ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਇੰਟਰਨੈਸ਼ਨਲ ਪੰਥਕ ਦਲ ਇਕਾਈ ਆਸਟਰੀਆ ਯੌਰਪ ਵੱਲੋਂ ਅਪੀਲ
ਬਾਬਾ ਨਛੱਤਰ ਸਿੰਘ ਜੀ
ਭਾਈ ਜਰਨੈਲ ਸਿੰਘ ਵੀਨ ਮੀਤ ਪ੍ਰਧਾਨ
ਭਾਈ ਵਰਿੰਦਰ ਸਿੰਘ ਜੌਹਲ ਮੁੱਖ ਬੁਲਾਰਾ
ਭਾਈ ਹਰਪਾਲ ਸਿੰਘ ਸੀਨੀਅਰ ਮੀਤ ਪ੍ਰਧਾਨ
ਭਾਈ ਜਗਤਾਰ ਸਿੰਘ ਚੀਫ ਆਰਗੇਨਾਈਜ਼ਰ
ਸ. ਜਸਪਾਲ ਸਿੰਘ ਵਿਆਨਾ
ਭਾਈ ਸਾਗਰਪਾਲ ਸਿੰਘ ਮੀਤ ਪ੍ਰਧਾਨ ਗੁ: ਸਾਲਜਬਰਗ
ਸ. ਕਰਨ ਸਿੰਘ ਅਫਗਾਨੀ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸ. ਜਸਵਿੰਦਰ ਸਿੰਘ ਪ੍ਰਧਾਨ ਜਰਮਨੀ
ਸ. ਗੁਰਪ੍ਰੀਤ ਸਿੰਘ ਇਨਸਬਰੁਕ
ਸ. ਧੰਨਜੀਤ ਸਿੰਘ ਵਿਆਨਾ
ਸ. ਰਬਿੰਦਰ ਸਿੰਘ ਚੇਅਰਮੈਨ
ਸ. ਗੁਰਮੇਜ ਸਿੰਘ ਲਿਨਸ ਪ੍ਰਧਾਨ
ਭਾਈ ਤਰਸੇਮ ਸਿੰਘ ਮੀਤ ਪ੍ਰਧਾਨ ਕਲੈਗਨਫਰੰਟ
ਭਾਈ ਬਲਵਿੰਦਰ ਸਿੰਘ ਲਿਨਸ ਆਰਗੇਨਾਈਜਰ
ਭਾਈ ਹਰਪ੍ਰੀਤ ਸਿੰਘ ਪੰਮਾ ਜਨਰਲ ਸਕੱਤਰ ਇਨਸਬਰੁਕ
ਬੇਨਤੀ ਕਰਤਾ : ਬਾਬਾ ਜੀ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ ਅਤੇ ਇਲਾਕਾ ਨਿਵਾਸੀ।
ਸੰਪਰਕ : 98140-29018, 97815-52538, 98140-13915
ਗੁਰੂ ਕਾ ਲੰਗਰ ਅਤੁੱਟ ਵਰਤੇਗਾ




ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਗਮ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਹੋਵੇਗਾ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਵਿਦੇਸ਼ ਨਿਵਾਸੀ ਸਿੱਖਾਂ ਵੱਲੋਂ ਅਪੀਲ
ਭਾਈ ਬਲਦੇਵ ਸਿੰਘ ਇੰਗਲੈਂਡ
ਭਾਈ ਅਮਰਜੀਤ ਸਿੰਘ ਯੂ.ਕੇ.
ਭਾਈ ਅਮਰਜੀਤ ਸਿੰਘ ਯੂ.ਕੇ.
ਭਾਈ ਪ੍ਰਿਤਪਾਲ ਸਿੰਘ ਲਾਂਡਾ ਯੂ.ਕੇ.
ਬਾਬਾ ਸਾਧੂ ਸਿੰਘ ਕੈਨੇਡਾ, ਮੁੱਖ ਸੇਵਾਦਾਰ (ਦਮਦਮੀ ਟਕਸਾਲ) ਸ੍ਰੀ ਦਮਦਮਾ ਸਾਹਿਬ
ਭਾਈ ਦਲਵਾਰਾ ਸਿੰਘ ਬਰਿਆੜ, ਕੈਨੇਡਾ
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਭਾਈ ਬਲਬੀਰ ਸਿੰਘ ਸੋਹਲ ਯੂ.ਕੇ.
ਸ. ਅਜੀਤ ਸਿੰਘ ਬਰਾੜ ਕੈਨੇਡਾ
ਜਤਿੰਦਰ ਸਿੰਘ ਬਾਜਵਾ ਡਰਬੀ
ਪਰਮਜੀਤ ਸਿੰਘ ਥਿਆਰਾ ਨੋਟੀਂਗਮ
ਕਰਨੈਲ ਸਿੰਘ ਅਠਵਾਲ ਨੋਟੀਂਗਮ
ਹਕੀਕਤ ਸਿੰਘ ਨੋਟੀਂਗਮ
ਬੇਨਤੀ ਕਰਤਾ : ਬਾਬਾ ਜੀ ਦਾ ਸਮੂਹ ਪਰਿਵਾਰ, ਦਮਦਮੀ ਟਕਸਾਲ, ਨਗਰ ਪੰਚਾਇਤਾਂ ਅਤੇ ਇਲਾਕਾ ਨਿਵਾਸੀ।
ਸੰਪਰਕ : 98140-29018, 97815-52538, 98140-13915
ਗੁਰੂ ਕਾ ਲੰਗਰ ਅਤੁੱਟ ਵਰਤੇਗਾ।


ਸੰਤ ਭਿੰਡਰਾਂਵਾਲਿਆਂ ਦਾ
ਜਨਮ ਦਿਨ ਸਮਾਗਮ
2 ਜੂਨ ਨੂੰ ਪਿੰਡ ਰੋਡੇ ਪਹੁੰਚੋ
ਸਮਾਗਮ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਹੋਵੇਗਾ
ਸਭ ਸੰਗਤਾਂ ਨੂੰ ਸਮੇਂ ਸਿਰ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ
ਵਿਦੇਸ਼ ਨਿਵਾਸੀ ਸਿੱਖਾਂ ਵੱਲੋਂ ਅਪੀਲ
ਭਾਈ ਅਵਤਾਰ ਸਿੰਘ ਕੂੰਨਰ ਸਾਬਕਾ ਪ੍ਰਧਾਨ ISYF ਕੈਨੇਡਾ
ਭਾਈ ਪਰਮਿੰਦਰ ਸਿੰਘ ਬੱਲ ਪ੍ਰਧਾਨ ਸਿੱਖ ਫੈਡਰੇਸ਼ਨ ਯੂ.ਕੇ.
ਸਿੱਖ ਵਿਦਵਾਨ ਭਾਈ ਬਲਿਹਾਰ ਸਿੰਘ ਰੰਧਾਵਾ
ਭਾਈ ਜਤਿੰਦਰ ਸਿੰਘ ਬਾਸੀ ਪ੍ਰਧਾਨ ਗੁਰਦੁਆਰਾ ਸਮੈਥਿਕ ਯੂ.ਕੇ.
ਭਾਈ ਕੁਲਦੀਪ ਸਿੰਘ ਦਿਓਲ ਸਮੈਥਿਕ ਯੂ.ਕੇ.
ਭਾਈ ਪਰਮਜੀਤ ਸਿੰਘ ਯੂ.ਕੇ. ਬਿਆਸ ਪਿੰਡ ਵਾਲੇ
ਭਾਈ ਮੋਹਨ ਸਿੰਘ ਯੂ.ਕੇ.
ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਜੀ ਖਾਲਸਾ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ
ਸਰਪ੍ਰਸਤ ਇੰਟਰਨੈਸ਼ਨਲ ਪੰਥਕ ਦਲ
ਭਾਈ ਰੇਸ਼ਮ ਸਿੰਘ ਯੂ.ਕੇ.
4. ਵਿਅਕਤੀਗਤ ਚਿਕਿਤਸਾ: ਚਿਕਿਤਸਾ ਵਿਗਿਆਨ ਦੀ ਤਰੱਕੀ ਦੇ ਨਾਲ ਸਾਡੇ ਜੀਨੈਟਿਕਸ ਦੀ ਸਮਝ ਦਾ ਸੁਧਰਨਾ ਜੇਕਰ ਇਸੇ ਰਫਤਾਰ ਨਾਲ ਜਾਰੀ ਰਿਹਾ ਤਾਂ ਜੈਨੋਮ ਸੰਪਾਦਨ ਵਿਅਕਤੀਗਤ ਇਲਾਜਾਂ ਲਈ ਰਾਹ ਪੈਦਾ ਕਰ ਸਕਦਾ ਹੈ ਜੋ ਕਿਸੇ ਵਿਅਕਤੀ ਦੇ ਜੀਨੀ ਬਣਤਰ ਦੇ ਅਧਾਰ 'ਤੇ ਬਣਾਏ ਜਾਂਦੇ ਹਨ ਇਲਾਜਾਂ ਦੀ ਪ੍ਰਭਾਵਸ਼ੀਲਤਾ ਨੂੰ ਵਧਾਉਂਦੇ ਅਤੇ ਹਾਨੀ ਕਾਰਕ ਪ੍ਰਭਾਵਾਂ ਨੂੰ ਘਟਾਉਂਦੇ ਹਨ।

**ਨੈਤਿਕ ਵਿਚਾਰ**

ਇਸ ਦੀ ਸੰਭਾਵਨਾ ਦੇ ਬਾਵਜੂਦ, ਜੈਨੋਮ ਸੰਪਾਦਨ ਮਹੱਤਵਪੂਰਨ ਨੈਤਿਕ ਮੁੱਦੇ ਉਠਾਉਂਦਾ ਹੈ ਜੋ ਅਣਦੇਖੇ ਨਹੀਂ ਕੀਤੇ ਜਾਣੇ ਚਾਹੀਦੇ:

1. ਜਰਮਲਾਈਨ ਸੰਪਾਦਨ: ਜਦੋਂ ਗਰਮਲਾਈਨ ਕੋਸ਼ਿਕਾਵਾਂ (ਪਰਿਵਾਰਕ ਸੈੱਲ, ਅੰਡੇ ਜਾਂ ਭ੍ਰੂਣ) 'ਤੇ ਕੀਤੇ ਗਏ ਸੋਧ ਪਿਢ਼ੀਆਂ ਵਿੱਚ ਪਾਸ ਹੋ ਸਕਦੇ ਹਨ। ਇਸ ਨਾਲ ਅਣਜਾਣ ਨਤੀਜੇ, ਲੰਬੇ ਸਮੇਂ ਦੇ ਪ੍ਰਭਾਵ ਅਤੇ "ਡਿਜ਼ਾਈਨਰ ਬੱਚਿਆਂ" ਦੀ ਸੰਭਾਵਨਾ ਬਾਰੇ ਸਵਾਲ ਉੱਠਦੇ ਹਨ ਬੱਚੇ ਜੋ ਵਿਸ਼ੇਸ਼ ਲੱਛਣਾਂ ਲਈ ਜੀਵ ਵਿਗਿਆਨਕ ਤੌਰ 'ਤੇ ਇੰਜੀਨੀਅਰ ਕੀਤੇ ਗਏ ਹਨ।

2. ਪਹੁੰਚ ਅਤੇ ਸਮਾਨਤਾ: ਬਹੁਤ ਸਾਰੀਆਂ ਅਗਾਂਹ ਦੀਆਂ ਚਿਕਿਤਸਾ ਤਕਨੀਕਾਂ ਵਿੱਚ ਇਸ ਗੱਲ ਦਾ ਖਤਰਾ ਹੈ ਕਿ ਜੈਨੋਮ ਸੰਪਾਦਨ ਸਿਰਫ ਅਮੀਰ ਲੋਕਾਂ ਲਈ ਹੀ ਉਪਲਬਧ ਹੋਵੇਗਾ ਜਿਸ ਨਾਲ ਮੌਜੂਦਾ ਸਿਹਤ ਦੇ ਫਰਕ ਵਧਣ ਦਾ ਖਤਰਾ ਹੈ। ਇਹ ਯਕੀਨੀ ਬਣਾਉਣਾ ਪੈਣਾ ਹੈ ਕਿ ਇਹ ਤਕਨੀਕਾਂ ਵਿਕਸਤ ਹੋਣ 'ਤੇ ਸਭ ਲਈ ਉਪਲਬਧ ਹੋਣਗੀਆਂ।ਇਸ ਤਕਨੀਕ ਦੇ ਕਾਮਯਾਬ ਹੋਣ ਵਿੱਚ ਸਭ ਤੱਕ ਇਸਦੀ ਪਹੁੰਚ ਬਹੁਤ ਮਹੱਤਵਪੂਰਨ ਹੋਵੇਗੀ।

3. ਵਿਧਾਨ ਅਤੇ ਨਿਗਰਾਨੀ: ਜੈਨੋਮ ਸੰਪਾਦਨ ਵਿੱਚ ਤਕਨੀਕੀ ਤੇਜ਼ੀ ਨਾਲ ਵਿਕਾਸ ਕਰਨ ਨਾਲ ਸੁਰੱਖਿਆ ਅਤੇ ਨੈਤਿਕ ਅਨੁਕੂਲਤਾ ਯਕੀਨੀ ਬਣਾਉਣ ਲਈ ਮਜ਼ਬੂਤ ਨਿਯਮਿਤ ਫਰੇਮਵਰਕ ਦੀ ਲੋੜ ਹੈ। ਨੀਤੀਕਾਰਾਂ ਨੂੰ ਨਵੀਨੀਕਰਨ ਪ੍ਰੋਤਸਾਹਿਤ ਕਰਨ ਅਤੇ ਜਨਤਾ ਦੀ ਸਿਹਤ ਦੀ ਰੱਖਿਆ ਕਰਨ ਵਿਚ ਸਹੀ ਸੰਤੁਲਨ ਬਣਾਉਣਾ ਚਾਹੀਦਾ ਹੈ।

4. ਜਨਤਾ ਦੀ ਧਾਰਨਾ: ਜੀਨੀ ਤਕਨੀਕੀ ਦੇ ਆਲੇ-ਦੁਆਲੇ ਭ੍ਰਮ ਅਤੇ ਡਰ ਵਿਕਾਸ ਨੂੰ ਰੋਕ ਸਕਦੇ ਹਨ। ਜਾਣਕਾਰੀ ਵਾਲੇ ਚਰਚਾ ਨੂੰ ਪ੍ਰੋਤਸਾਹਿਤ ਕਰਨ ਅਤੇ ਜੈਨੋਮ ਸੰਪਾਦਨ ਦੇ ਪ੍ਰਭਾਵਾਂ ਬਾਰੇ ਜਾਣੂ ਕਰਨ ਲਈ ਲੋਕਾਂ ਦੀ ਸ਼ਮੂਲੀਅਤ ਅਤੇ ਸਿੱਖਿਆ ਬਹੁਤ ਜਰੂਰੀ ਹੈ।

ਜੈਨੋਮ ਸੰਪਾਦਨ ਚਿਕਿਤਸਾ ਵਿਗਿਆਨ ਵਿੱਚ ਇੱਕ ਨਵੇਂ ਯੁੱਗ ਦਾ ਸਾਹਮਣਾ ਕਰ ਰਹੀ ਹੈ, ਜੋ ਕਿ ਉਹਨਾਂ ਬਿਮਾਰੀਆਂ ਲਈ ਬਦਲਾਅ ਵਾਲੀਆਂ ਸੰਭਾਵਨਾਵਾਂ ਪ੍ਰਦਾਨ ਕਰਦੀ ਹੈ ਜੋ ਲੰਬੇ ਸਮੇਂ ਤੋਂ ਮਨੁੱਖੀ ਕਾਬੂ ਵਿੱਚ ਨਹੀਂ ਰਹੀਆਂ ਹਨ। ਹਾਲਾਂਕਿ, ਜਦੋਂ ਅਸੀਂ ਇਸ ਸੁਖਦਾਇਕ ਦ੍ਰਿਸ਼ਟੀਕੋਣ ਵਿੱਚ ਕਦਮ ਰੱਖਦੇ ਹਾਂ, ਇਹ ਬਹੁਤ ਜਰੂਰੀ ਹੈ ਕਿ ਅਸੀਂ ਹੌਲੀ ਹੌਲੀ ਅੱਗੇ ਵਧੀਏ। ਨਵੀਨੀਕਰਨ ਨਾਲ ਨੈਤਿਕ ਵਿਚਾਰਾਂ ਦਾ ਸੰਤੁਲਨ ਬਣਾਉਣਾ ਜੈਨੋਮ ਸੰਪਾਦਨ ਦੀ ਸਮਰੱਥਾ ਨੂੰ ਯਥਾਰਥਤਾ ਨਾਲ ਵਰਤਣ ਲਈ ਕੁੰਜੀ ਹੋਵੇਗਾ। ਵਿਗਿਆਨੀ, ਨੈਤਿਕਤਾਵਾਦੀ, ਨੀਤੀਕਾਰ ਅਤੇ ਲੋਕਾਂ ਵਿਚ ਖੁੱਲ੍ਹੀ ਗੱਲਬਾਤ ਨੂੰ ਪ੍ਰੋਤਸਾਹਿਤ ਕਰਕੇ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਇਹ ਖਾਸ ਭੂਮਿਕਾ ਵਾਲੀ ਤਕਨੀਕ ਮਨੁੱਖਤਾ ਦੇ ਲਾਭ ਲਈ ਵਰਤੀ ਜਾਵੇਗੀ।

ਅਸੀਂ ਜਦੋਂ ਭਵਿੱਖ ਦੀਆਂ ਚਿਕਤਸਾ ਤਕਨੀਕਾਂ ਵੱਲ ਵੇਖਦੇ ਹਾਂ, ਇੱਕ ਗੱਲ ਸਾਫ਼ ਹੈ: ਜੈਨੋਮ ਸੰਪਾਦਨ ਦੀ ਯਾਤਰਾ ਦੀ ਸਿਰਫ ਸ਼ੁਰੂਆਤ ਹੋ ਰਹੀ ਹੈ, ਅਤੇ ਇਸ ਦਾ ਪ੍ਰਭਾਵ ਚਿਕਿਤਸਾ ਵਿਗਿਆਨ ਅਤੇ ਸਮਾਜ 'ਤੇ ਗੰਭੀਰ ਅਤੇ ਅਸਰਦਾਰ ਹੋਵੇਗਾ।

**-ਸੁਰਿੰਦਰ ਪਾਲ ਸਿੰਘ, ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ।**

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## .ਗ਼ਜ਼ਲ

ਅਪਣੇ ਘਰ ਨੂੰ ਰੋਜ਼ ਸਜਾਇਆ ਤੇਰੇ ਜਾਵਣ ਪਿੱਛੋਂ।
ਇਹ ਦਿਲ ਫਿਰ ਨਾ ਵਾਪਸ ਆਇਆ ਤੇਰੇ ਜਾਵਣ ਪਿੱਛੋਂ।
ਝੱਲਿਆ ਦੁਨੀਆਂ ਉੱਤੋਂ ਜਿਹੜੇ ਤੁਰ ਜਾਂਦੇ ਕਦ ਆਉਂਦੇ,
ਸਮਝੇ ਨਾ ਪਰ ਦਿਲ ਸਮਝਾਇਆ ਤੇਰੇ ਜਾਵਣ ਪਿੱਛੋਂ।
ਘਰ ਦੇ ਕੋਨੇ-ਕੋਨੇ ਦੇ ਵਿਚ ਜਿੱਥੇ ਪੈਰ ਧਰੇ ਤੂੰ,
ਤੇਰੀ ਖ਼ੁਸ਼ਬੂ ਨੇ ਤੜਪਾਇਆ ਤੇਰੇ ਜਾਵਣ ਪਿੱਛੋਂ।
ਗੁਲਦਸਤੇ ਤੇਰੀਆਂ ਯਾਦਾਂ ਦੇ ਥਾਂ-ਥਾਂ ਉੱਪਰ ਖਿਲਰੇ,
ਕੀ ਕੀ ਦੱਸਾਂ ਕਿੰਝ ਰਲਾਇਆ ਤੇਰੇ ਜਾਵਣ ਪਿੱਛੋਂ।
ਹਰ ਹੰਝੂ ਚੋਂ ਤੇਰੀ ਇਕ ਤਸਵੀਰ ਬਣੀ ਹੈ ਏਦਾਂ,
ਅੱਖਾਂ ਚੋਂ ਨਾ ਨੀਰ ਛੁਪਾਇਆ ਤੇਰੇ ਜਾਵਣ ਪਿੱਛੋਂ।
ਵਰ੍ਹਦੇ ਜਾਂਦੇ ਬੱਦਲਾਂ ਨੂੰ ਫ਼ਿਰ ਇਕ ਬਦਲੋਟੀ ਕਹਿੰਦੀ,
ਮਾਰੂਥਲ ਕਿੰਨਾ ਪਛਤਾਇਆ ਤੇਰੇ ਜਾਵਣ ਪਿੱਛੋਂ।
ਕੱਲਾ-ਕੱਲਾ ਤਾਰਾ ਟੁੱਟਿਆ ਸੂਰਜ ਚੰਨ ਗਵਾਚਾ,
ਯਾਦਾਂ ਵਾਲਾ ਗਗਨ ਰੁਲਾਇਆ ਤੇਰੇ ਜਾਵਣ ਪਿੱਛੋਂ।
ਜਿੱਦਾਂ ਖੰਜਰ ਖੋਭ ਕੇ ਕੋਈ ਵਿੱਚ ਘੁਮਾਈ ਜਾਵੇ,
ਮੁੜ-ਮੁੜ ਚਾਵਾਂ ਇੰਝ ਸਤਾਇਆ ਤੇਰੇ ਜਾਵਣ ਪਿੱਛੋਂ।
ਉਦਾਸੀ ਦੇ ਮਹਿਲ ਖੜ੍ਹੇ ਨੇ ਥੋਰ ਨਿਰਾਸ਼ਾ ਵਾਲੀ,
ਕੀ ਕੀ ਸੱਜਣਾ ਹੋਰ ਬਣਾਇਆ ਤੇਰੇ ਜਾਵਣ ਪਿੱਛੋਂ।
ਮਾਲੀ ਤੋਂ ਬਿਨ ਬਾਗ਼ ਦੀ ਹਾਲਤ ਸਭ ਫੁੱਲ ਪਏ ਦਸਦੇ ਨੇ,
ਪੱਤਾ-ਪੱਤਾ ਹੈ ਕੁਮਲਾਇਆ ਤੇਰੇ ਜਾਵਣ ਪਿੱਛੋਂ।
ਸੰਵੇਦਨਸ਼ੀਲ ਸੁਭਾਅ ਦਾ ਕੋਈ ਕਿਹੜਾ ਫੁੱਲ ਉਗਾਵਾਂ,
ਸੂਈ ਮੂਈ ਨੇ ਤੜਪਾਇਆ ਤੇਰੇ ਜਾਵਣ ਪਿੱਛੋਂ।
ਟੁਟਦੀ ਸ਼ਬਨਮ ਦਾ ਇਕ ਕਤਰਾ ਖੋਹ ਕੇ ਤਿੱਖੀ ਧੁੱਪ ਤੋਂ,
ਘੁੱਟ ਕੇ ਸੀਨੇ ਨਾਲ ਲਗਾਇਆ ਤੇਰੇ ਜਾਵਣ ਪਿੱਛੋਂ।
ਤੇਰੇ ਨਹਿਰ ਕਿਨਾਰੇ ਉੱਤੇ ਨਾ ਗੁਲਸ਼ਨ ਨਾ ਪਾਣੀ,
ਕੂੰਜਾਂ ਵਾਲਾ ਝੁੰਡ ਕੁਰਲਾਇਆ ਤੇਰੇ ਜਾਵਣ ਪਿੱਛੋਂ।
ਹੁਣ ਤਾਂ ਇਕ ਧਰਵਾਸਾ ਦਿੰਦਾ ਏਸ ਨਿਮਾਣੇਂ ਦਿਲ ਨੂੰ,
ਤੇਰੀਆਂ ਯਾਦਾਂ ਦਾ ਸਰਮਾਇਆ ਤੇਰੇ ਜਾਵਣ ਪਿੱਛੋਂ।
ਮਹਿਫਿਲ ਦੇ ਵਿਚ ਗੀਤ ਗ਼ਜ਼ਲ ਨਾ, ਨਾ ਕੋਈ ਅਪਣਾਪਣ,
ਬਾਲਮ ਹਰ ਇਕ ਸ਼ਖ਼ਸ਼ ਪਰਾਇਆ ਤੇਰੇ ਜਾਵਣ ਪਿੱਛੋਂ।

**-ਬਲਵਿੰਦਰ ਬਾਲਮ ਗੁਰਦਾਸਪੁਰ ਉਕਾਂਰ ਨਗਰ (ਪੰਜਾਬ)**
**ਮੋਬਾਈਲ ਨੰਬਰ 9815625409**

## ਮਾਤਾ ਸਾਹਿਬ ਕੌਰ ਕਾਲਜ ਵਿੱਚ ਮਨਾਇਆ ਫਰਾਈ ਡੇ ਡਰਾਈ ਡੇ







**ਤਲਵੰਡੀ ਸਾਬੋ, 29 ਮਈ (ਗੁਰਜੰਟ ਸਿੰਘ ਨਥੇਹਾ)**-ਸਿਵਲ ਸਰਜਨ ਬਠਿੰਡਾ ਡਾ. ਰਮਨਦੀਪ ਸਿੰਗਲਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਰਵੀ ਕਾਂਤ ਗੁਪਤਾ ਦੀ ਯੋਗ ਅਗਵਾਈ ਵਿੱਚ ਅਤੇ ਕੁਲਦੀਪ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਅਤੇ ਗੁਰਸਿਮਰਤ ਕੌਰ ਬਲਾਕ ਐਜੂਕੇਟਰ ਦੀ ਯੋਗ ਅਗਵਾਈ ਵਾਲੀ ਟੀਮ ਹਰਪਾਲ ਸਿੰਘ ਗਿਆਨਾ ਮਲਟੀਪਰਪਜ਼ ਹੈਲਥ ਵਰਕਰ ਮੇਲ, ਕੁਲਦੀਪ ਸਿੰਘ ਕਮਾਲੂ ਮਲਟੀਪਰਪਜ ਹੈਲਥ ਵਰਕਰ ਮੇਲ ਨੇ ਕਾਲਜ ਦੇ ਅਤੇ ਹੋਸਟਲ ਦੇ ਕਮਰਿਆਂ ਚ ਲੱਗੇ ਹੋਏ ਕੂਲਰਾਂ, ਗਮਲਿਆਂ ਪੰਛੀਆਂ ਦੇ ਕਟੋਰੇ ਆਦਿ ਚੈੱਕ ਕੀਤੇ ਕਿਤੋਂ ਵੀ ਕੋਈ ਲਾਰਵਾ ਨਹੀਂ ਮਿਲਿਆ ਅਤੇ ਅੱਗੇ ਤੋਂ ਵੀ ਸਾਫ ਸਫਾਈ ਵੱਲ ਧਿਆਨ ਰੱਖਣ ਲਈ ਦੱਸਿਆ, ਡੇਂਗੂ ਦਾ ਲਾਰਵਾ ਮੁੱਖ ਤੌਰ 'ਤੇ ਸਾਫ ਖੜ੍ਹੇ ਪਾਣੀ ਵਿਚ ਪੈਦਾ ਹੁੰਦਾ ਹੈ ਅਤੇ ਜੁਲਾਈ ਤੋਂ ਅਕਤੂਬਰ ਉਨ੍ਹਾਂ ਦੇ ਵਾਧੇ ਲਈ ਸਭ ਤੋਂ ਅਨੁਕੂਲ ਸਮਾਂ ਹੁੰਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਡੇਂਗੂ ਏਡੀਜ਼ ਅਜਿਪਟੀ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਇੱਕ ਹਫ਼ਤੇ ਤੋਂ ਜਿਆਦਾ ਸਮੇਂ ਤੱਕ ਖੜੇ ਸਾਫ਼ ਪਾਣੀ ਤੇ ਪੈਦਾ ਹੁੰਦਾ ਹੈ ਅਤੇ ਇੱਕ ਹਫ਼ਤੇ ਦੇ ਵਿੱਚ ਅੰਡੇ ਤੋਂ ਮੱਛਰ ਬਣ ਕੇ ਤਿਆਰ ਹੋ ਜਾਂਦਾ ਹੈ। ਇਹ ਮੱਛਰ ਦਿਨ ਵੇਲੇ ਕੱਟਦਾ ਹੈ। ਉਹਨਾਂ ਦੱਸਿਆ ਕਿ ਜਦੋਂ ਵੀ ਲੋਕਾਂ ਅਤੇ ਵੱਖ-ਵੱਖ ਵਿਭਾਗਾਂ ਵੱਲੋਂ ਸਮੇਂ ਸਿਰ ਲੋੜੀਦੀਆਂ ਸਾਵਧਾਨੀਆਂ ਨਹੀਂ ਵਰਤੀਆਂ ਜਾਂਦੀਆਂ ਉਦੋਂ ਡੇਂਗੂ ਦਾ ਮੱਛਰ ਬਹੁਤਾਤ ਵਿੱਚ ਪੈਦਾ ਹੋਣ ਕਾਰਣ ਸਮੁਦਾਇ ਲਈ ਖਤਰਾ ਬਣਦਾ ਹੈ ਅਤੇ ਕੇਸਾਂ ਦੀ ਗਿਣਤੀ ਵਧਣੀ ਸ਼ੁਰੂ ਹੋ ਜਾਂਦੀ ਹੈ। ਇਸ ਮੌਕੇ ਅਮਰਜੀਤ ਕੌਰ, ਰਵਨੀਤ ਕੌਰ ਮਲਟੀਪਰਪਜ ਹੈਲਥ ਵਰਕਰ ਫੀਮੇਲ ਅਤੇ ਰੁਪਿੰਦਰ ਕੌਰ ਸੀਐੱਚਓ ਹਾਜ਼ਰ ਸਨ। ਪ੍ਰਿੰਸੀਪਲ ਮੈਡਮ ਕਮਲਜੀਤ ਕੌਰ ਅਤੇ (ਹੋਸਟਲ ਵਾਰਡਨ) ਸਰਬਜੀਤ ਕੌਰ ਵੱਲੋਂ ਇਹ ਵੀ ਦੱਸਿਆ ਕਿ ਅਸੀਂ ਸਿਹਤ ਵਿਭਾਗ ਦੇ ਨਾਅਰੇ "ਹਰ ਸ਼ੁੱਕਰਵਾਰ ਡੇਂਗੂ ਤੇ ਵਾਰ" ਮੁਹਿੰਮ ਤਹਿਤ ਡਰਾਈ ਡੇ ਵਜੋਂ ਮਨਾਇਆ ਜਾਂਦਾ ਹੈ।

ਬੰਦੀ ਸਿੰਘਾਂ ਦੀ ਰਿਹਾਈ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮਾਨ ਦੀ ਰਾਖੀ ਲਈ

# 82 ਤੋਂ ਵੱਧ ਸਬ ਡਵੀਜ਼ਨਾਂ ਵਿੱਚ ਰੋਸ ਮਾਰਚ ਤੇ ਚੇਤਾਵਨੀ ਪੱਤਰ ਦਿੱਤੇ ਗਏ

## ਹਜਾਰਾਂ ਲੋਕਾਂ ਅਤੇ ਸੈਕੜੇ ਆਗੂਆਂ ਨੇ ਭਾਗ ਲਿਆ













(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਬੰਦੀ ਸਿੰਘਾਂ ਦੀ ਰਿਹਾਈ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮਾਨ ਦੀ ਰਾਖੀ ਲਈ

# 82 ਤੋਂ ਵੱਧ ਸਬ ਡਵੀਜ਼ਨਾਂ ਵਿੱਚ ਰੋਸ ਮਾਰਚ ਤੇ ਚੇਤਾਵਨੀ ਪੱਤਰ ਦਿੱਤੇ ਗਏ

## ਹਜਾਰਾਂ ਲੋਕਾਂ ਅਤੇ ਸੈਕੜੇ ਆਗੂਆਂ ਨੇ ਭਾਗ ਲਿਆ












(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਬੰਦੀ ਸਿੰਘਾਂ ਦੀ ਰਿਹਾਈ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮਾਨ ਦੀ ਰਾਖੀ ਲਈ

# 82 ਤੋਂ ਵੱਧ ਸਬ ਡਵੀਜ਼ਨਾਂ ਵਿੱਚ ਰੋਸ ਮਾਰਚ ਤੇ ਚੇਤਾਵਨੀ ਪੱਤਰ ਦਿੱਤੇ ਗਏ

## ਹਜਾਰਾਂ ਲੋਕਾਂ ਅਤੇ ਸੈਕੜੇ ਆਗੂਆਂ ਨੇ ਭਾਗ ਲਿਆ












(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਬੰਦੀ ਸਿੰਘਾਂ ਦੀ ਰਿਹਾਈ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮਾਨ ਦੀ ਰਾਖੀ ਲਈ

# 82 ਤੋਂ ਵੱਧ ਸਬ ਡਵੀਜ਼ਨਾਂ ਵਿੱਚ ਰੋਸ ਮਾਰਚ ਤੇ ਚੇਤਾਵਨੀ ਪੱਤਰ ਦਿੱਤੇ ਗਏ

## ਹਜਾਰਾਂ ਲੋਕਾਂ ਅਤੇ ਸੈਕੜੇ ਆਗੂਆਂ ਨੇ ਭਾਗ ਲਿਆ










ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਅਕਾਲ ਯੂਨੀਵਰਸਿਟੀ ਵਿਖੇ ਵਾਤਾਵਰਣ ਸਿੱਖਿਆ ਪ੍ਰੋਗਰਾਮ ਤਹਿਤ

# ‘ਊਰਜਾ ਅਤੇ ਪਾਣੀ ਬਚਾਓ’ ਥੀਮ ਅਧੀਨ ਹੋਇਆ ਸਹੁੰ ਚੁੱਕ ਸਮਾਗਮ





**ਤਲਵੰਡੀ ਸਾਬੋ, 29 ਮਈ (ਗੁਰਜੰਟ ਸਿੰਘ ਨਥੇਹਾ)-** ਅਕਾਲ ਯੂਨੀਵਰਸਿਟੀ ਦੇ ਐਨਐਸਐਸ ਵਿਭਾਗ ਦੇ ਸਹਿਯੋਗ ਨਾਲ ਆਈਕਿਊਏਸੀ ਸੈੱਲ ਨੇ ਵਾਤਾਵਰਣ ਸਿੱਖਿਆ ਪ੍ਰੋਗਰਾਮ ਤਹਿਤ ‘ਊਰਜਾ ਅਤੇ ਪਾਣੀ ਬਚਾਓ’ ਥੀਮ ਅਧੀਨ ਇੱਕ ਸਹੁੰ ਚੁੱਕ ਸਮਾਗਮ ਸਫਲਤਾਪੂਰਵਕ ਆਯੋਜਿਤ ਕੀਤਾ। ਇਹ ਸਮਾਗਮ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਪ੍ਰੀਸ਼ਦ ਅਤੇ ਵਾਤਾਵਰਣ, ਜੰਗਲਾਤ ਤੇ ਜਲਵਾਯੂ ਪਰਿਵਰਤਨ ਮੰਤਰਾਲੇ ਦੇ ਵਿਸ਼ੇਸ਼ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਆਈਕਿਊਏਸੀ ਸੈੱਲ ਦੇ ਡਾਇਰੈਕਟਰ ਡਾ. ਸੁਖਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਵਾਤਾਵਰਣ ਸਿੱਖਿਆ ਪ੍ਰੋਗਰਾਮ ਅਧੀਨ ਆਯੋਜਿਤ ਸਮਾਗਮਾਂ ਦੀ ਲੜੀ ਦਾ ਹਿੱਸਾ ਸੀ। ਸਮਾਗਮ ਦੀ ਸ਼ੁਰੂਆਤ ਡਾ. ਰਮਨਦੀਪ ਕੌਰ, ਸਹਾਇਕ ਪ੍ਰੋਫੈਸਰ, ਭੌਤਿਕ ਵਿਗਿਆਨ ਵਿਭਾਗ ਦੇ ਸਵਾਗਤੀ ਭਾਸ਼ਣ ਨਾਲ ਹੋਈ। ਇਸ ਤੋਂ ਬਾਅਦ ਮਾਨਯੋਗ ਡੀਨ ਅਕਾਦਮਿਕ ਮਾਮਲੇ ਮੇਜਰ ਜਨਰਲ ਜੀ ਐਸ ਲਾਂਬਾ ਨੇ ਵਿਦਿਆਰਥੀਆਂ ਨਾਲ ਸੰਬੰਧਿਤ ਵਿਸ਼ੇ ’ਤੇ ਚਰਚਾ ਕੀਤੀ। ਉਨ੍ਹਾਂ ਨੇ ਸਾਡੇ ਰੋਜ਼ਾਨਾ ਜੀਵਨ ਵਿੱਚ ਊਰਜਾ ਤੇ ਪਾਣੀ ਸੰਬੰਧੀ ਚੰਗੀਆਂ ਆਦਤਾਂ ਨੂੰ ਅਪਣਾਉਣ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਕੁਦਰਤੀ ਸਰੋਤਾਂ ਦੇ ਵਧ ਰਹੇ ਸੰਕਟ ਅਤੇ ਨੌਜਵਾਨ ਪੀੜ੍ਹੀ ਵਿੱਚ ਵਾਤਾਵਰਣ ਜਾਗਰੂਕਤਾ ਪੈਦਾ ਕਰਨ ਵਿੱਚ ਵਿਦਿਅਕ ਸੰਸਥਾਵਾਂ ਦੀ ਮਹੱਤਤਾ ਵੱਲ ਇਸ਼ਾਰਾ ਕੀਤਾ। ਇਸ ਸਮਾਗਮ ਵਿੱਚ ਵਾਤਾਵਰਣ ਸੁਰੱਖਿਆ, ਊਰਜਾ ਸੰਭਾਲ ਅਤੇ ਪਾਣੀ ਸੰਭਾਲ ਦੇ ਪ੍ਰਣ ਸ਼ਾਮਿਲ ਕੀਤੇ ਗਏ। ਸੰਬੰਧਿਤ ਤਿੰਨ ਪ੍ਰਣ ਲਏ ਗਏ ਅਤੇ ਹਰ ਪ੍ਰਣ ਵਾਤਾਵਰਣ ਜ਼ਿੰਮੇਵਾਰੀ ਦੇ ਇੱਕ ਮਹੱਤਵਪੂਰਨ ਪਹਿਲੂ ਨੂੰ ਪੂਰਾ ਕਰਦਾ ਹੈ। ਸਾਰੇ ਵਾਅਦੇ ਭਾਰਤ ਸਰਕਾਰ ਦੀਆਂ ਅਧਿਕਾਰਤ ਮੁਹਿੰਮਾਂ ਅਨੁਸਾਰ ਲਏ ਗਏ, ਜੋ ਪ੍ਰਮਾਣਿਕਤਾ ਅਤੇ ਰਾਸ਼ਟਰੀ ਸਥਿਰਤਾ ਮਿਸ਼ਨਾਂ ਨਾਲ ਇਕਸਾਰਤਾ ਨੂੰ ਯਕੀਨੀ ਬਣਾਉਂਦੇ ਹਨ। ਇਹਨਾਂ ਸਹੁੰ ਚੁੱਕਣ ਦੀਆਂ ਰਸਮਾਂ ਦੀ ਅਗਵਾਈ ਖੁਸ਼ਪ੍ਰੀਤ ਕੌਰ, ਕਿਰਨਪ੍ਰੀਤ ਕੌਰ ਅਤੇ ਜਸਮੀਨ ਕੌਰ ਨੇ ਕੀਤੀ। ਪ੍ਰੋਗਰਾਮ ਦਾ ਸਭ ਤੋਂ ਪ੍ਰਭਾਵਸ਼ਾਲੀ ਹਿੱਸਾ ਸਹੁੰ ਚੁੱਕ ਸਮਾਰੋਹ ਸੀ, ਜਿਸ ਵਿੱਚ ਸਾਰੇ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਅਤੇ ਹੋਰ ਸਹਾਇਕ ਸਟਾਫ਼ ਸਮੇਤ ਮੌਜੂਦ ਹਰ ਵਿਅਕਤੀ ਨੇ ਇੱਕ ਵਾਅਦਾ ਕੀਤਾ। ਇਸ ਬਚਤ ਦੇ ਸੁਨੇਹੇ ਨੂੰ ਘਰ-ਘਰ ਪਹੁੰਚਾਉਣ ਲਈ ਇੱਕ ਸਿੱਖਿਆਦਾਇਕ ਵੀਡੀਓ ਦਿਖਾਈ ਗਈ, ਜਿਸ ਵਿੱਚ ਪੂਰੇ ਭਾਰਤ ਵਿੱਚ ਸਫਲ ਜ਼ਮੀਨੀ ਪੱਧਰ ਦੇ ਪ੍ਰੋਜੈਕਟਾਂ ਨੂੰ ਉਜਾਗਰ ਕੀਤਾ ਗਿਆ ਜੋ ਪਾਣੀ ਅਤੇ ਊਰਜਾ ਸੰਭਾਲ ਦੀ ਦਿਸ਼ਾ ਵਿਚ ਕੰਮ ਕਰਦੇ ਹਨ। ਪ੍ਰੇਰਣਾਦਾਇਕ ਦ੍ਰਿਸਾਂ ਅਤੇ ਅਸਲ-ਜੀਵਨ ਦੇ ਤਜ਼ਰਬਿਆਂ ਨੇ ਭਾਗੀਦਾਰਾਂ ਨੂੰ ਪ੍ਰਭਾਵਿਤ ਕੀਤਾ।

ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਊਰਜਾ ਅਤੇ ਪਾਣੀ ਸੰਭਾਲ ਦੇ ਮਹੱਤਵ ਨੂੰ ਸਮਝਿਆ। ਸਾਰਿਆਂ ਨੇ ਕੁਦਰਤੀ ਸਰੋਤਾਂ ਦੀ ਸਮਝਦਾਰੀ ਨਾਲ ਵਰਤੋਂ ਕਰਨ ਦਾ ਵਾਅਦਾ ਕੀਤਾ। ਇਸ ਸਮਾਗਮ ਨੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਜੀਵਨ ਵਿੱਚ ਊਰਜਾ ਤੇ ਪਾਣੀ ਦੀ ਬਚਤ ਸੰਬੰਧੀ ਛੋਟੀਆਂ ਪਰ ਮਹੱਤਵਪੂਰਨ ਤਬਦੀਲੀਆਂ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਨੇ ਯੂਨੀਵਰਸਿਟੀ ਨੂੰ ਭਵਿੱਖ ਵਿੱਚ ਹੋਰ ਵਾਤਾਵਰਣ-ਅਨੁਕੂਲ ਗਤੀਵਿਧੀਆਂ ਦਾ ਆਯੋਜਨ ਕਰਨ ਲਈ ਪ੍ਰੇਰਿਤ ਕੀਤਾ। ਇਸ ਸਮਾਗਮ ਦੀ ਸਮਾਪਤੀ ਡੀਨ ਵਿਦਿਆਰਥੀ ਭਲਾਈ ਡਾ. ਸੰਦੀਪ ਸਿੰਘ ਦੇ ਧੰਨਵਾਦੀ ਸ਼ਬਦਾਂ ਨਾਲ ਹੋਈ। ਉਹਨਾਂ ਨੇ ਅੰਤ ਵਿਚ ਵਾਤਾਵਰਣ ਸਿੱਖਿਆ ਨੂੰ ਉਤਸ਼ਾਹਿਤ ਕਰਨ ਵਿੱਚ ਨਿਰੰਤਰ ਸਹਾਇਤਾ ਲਈ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਪ੍ਰੀਸ਼ਦ ਅਤੇ ਵਾਤਾਵਰਣ, ਜੰਗਲਾਤ ਤੇ ਜਲਵਾਯੂ ਪਰਿਵਰਤਨ ਮੰਤਰਾਲੇ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

### ਕੈਬਨਿਟ ਮੰਤਰੀ ਸ.ਹਰਭਜਨ ਸਿੰਘ ਈ.ਟੀ.ਓ ਵੱਲੋਂ

# ਦਸ਼ਮੇਸ਼ ਪਬਲਿਕ ਸਕੂਲ ਮਹਿਤਾ ਦੇ ਵਿਦਿਆਰਥੀਆਂ ਨੂੰ ਕੀਤਾ ਗਿਆ ਸਨਮਾਨਿਤ



**ਚੌਕ ਮਹਿਤਾ, 29 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )-** ਇਲਾਕੇ ਦੀ ਨਾਮਵਰ ਸੰਸਥਾ ਦਸ਼ਮੇਸ਼ ਵਿੱਦਿਅਕ ਸੰਸਥਾਵਾਂ ਮਹਿਤਾ ਚੌਂਕ ਦੇ ਦਸਵੀਂ ਕਲਾਸ ਦੇ 90% ਤੋਂ ਉੱਪਰ ਅੰਕ ਲੈਣ ਵਾਲੇ ਕੁੱਲ 21 ਵਿਦਿਆਰਥੀ ਅਤੇ ਬਾਰਵੀਂ ਕਲਾਸ ਦੇ ਗਰੁੱਪ ਸਾਇੰਸ ਕਾਮਰਸ,ਆਰਟਸ ਦੇ 90% ਤੋਂ ਉੱਪਰ ਅੰਕ ਲੈਣ ਵਾਲੇ ਕੁੱਲ 25 ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ ।ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਹਰਭਜਨ ਸਿੰਘ ਈ.ਟੀ.ਓ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਇਹ ਸਮਾਰੋਹ ਸਖ਼ਤ ਮਿਹਨਤ ਕਰਕੇ ਚੰਗੇ ਨੰਬਰ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਲਈ ਵਿਸ਼ੇਸ਼ ਤੌਰ ਤੇ ਆਯੋਜਿਤ ਕੀਤਾ ਗਿਆ ਹੈ ।ਉਹਨਾਂ ਨੇ ਵਿਦਿਆਰਥੀਆਂ ਨੂੰ ਜ਼ਿੰਦਗੀ ਵਿੱਚ ਖਾਸ ਟੀਚਾ ਮਿੱਥ ਕੇ ਉਸ ਪ੍ਰਤੀ ਲਗਾਤਾਰ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਆ ।ਇਸ ਤੋਂ ਇਲਾਵਾ ਆਏ ਹੋਏ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜੀ ਆਇਆਂ ਆਖਿਆ ।ਸੰਸਥਾਂ ਦੇ ਚੇਅਰਮੈਨ ਸ.ਗੁਰਦੀਪ ਸਿੰਘ ਰੰਧਾਵਾ ਜੀ ਨੇ ਸਨਮਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਕਿਹਾ ਕਿ ਪ੍ਰਮਾਤਮਾ ਦੇ ਓਟ ਆਸਰੇ ਸਦਕਾ ਹੀ ਇਹ ਸੰਭਵ ਹੋ ਸਕਿਆ ਹੈ ।ਉਹਨਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਇਸੇ ਤਰ੍ਹਾਂ ਹੀ ਜ਼ਿੰਦਗੀ ਵਿੱਚ ਅੱਗੇ ਵੱਧਣ ਦੀ ਪ੍ਰੇਰਨਾ ਦਿੱਤੀ ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈ.ਸਾਕਸ਼ੀ ਸਿਨਹਾ ਡਿਪਟੀ ਕਮਿਸ਼ਨਰ ਅੰਮ੍ਰਿਤਸਰ,ਸ.ਗੁਰਪ੍ਰੀਤ ਸਿੰਘ ਭੁੱਲਰ ਪੁਲਿਸ ਕਮਿਸ਼ਨਰ ਅੰਮ੍ਰਿਤਸਰ,ਸ.ਸਤਿੰਦਰ ਸਿੰਘ ਡੀ.ਆਈ.ਜੀ ਬਾਰਡਰ ਰੇਂਜ ਅੰਮ੍ਰਿਤਸਰ,ਮੈ.ਸੁਹਿੰਦਰ ਕੌਰ ਡੀ.ਈ.ਓ ਐਲੀਮੈਂਟਰੀ ,ਸ.ਮਨਪ੍ਰੀਤ ਸਿੰਘ ਟੱਕਰ ,ਮੈ.ਰਵਿੰਦਰ ਕੌਰ,ਮੈ.ਡਿੰਪਲ ਆਦਿ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ

# ਲਾਲੇਆਣਾ ਵਿਖੇ ਲਗਾਇਆ ਕਿਸਾਨ ਸਿਖਲਾਈ ਕੈਂਪ




**ਤਲਵੰਡੀ ਸਾਬੋ, 29 ਮਈ (ਗੁਰਜੰਟ ਸਿੰਘ ਨਥੇਹਾ)-** ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਤਲਵੰਡੀ ਸਾਬੋ ਵੱਲੋਂ ਮੁੱਖ ਖੇਤੀਬਾੜੀ ਅਫ਼ਸਰ ਬਠਿੰਡਾ ਡਾ. ਜਗਦੀਸ਼ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਬਲਾਕ ਖੇਤੀਬਾੜੀ ਅਫ਼ਸਰ ਡਾ. ਬਲਜਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਅੱਜ ਬਲਾਕ ਤਲਵੰਡੀ ਸਾਬੋ ਦੇ ਪਿੰਡ ਲਾਲੇਆਣਾ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ। ਜਿਸ ਵਿੱਚ ਕੈਂਪ ਦੀ ਸ਼ੁਰੂਆਤ ਕਰਦੇ ਹੋਏ ਡਾ. ਸੰਦੀਪ ਸਿੰਘ ਖੇਤੀਬਾੜੀ ਵਿਕਾਸ ਅਫ਼ਸਰ ਤਲਵੰਡੀ ਸਾਬੋ ਵੱਲੋਂ ਕਿਸਾਨਾਂ ਨੂੰ ਨਰਮੇ, ਪਕਾਵੀ ਮੱਕੀ ਅਤੇ ਝੋਨੇ ਦੀ ਫਸਲ ਦੀ ਸਚੁੱਜੀ ਕਾਸ਼ਤ ਬਾਰੇ ਤਕਨੀਕੀ ਨੁਕਤੇ ਸਾਂਝੇ ਕੀਤੇ ਗਏ ਅਤੇ ਮਿੱਟੀ ਦੀ ਪਰਖ ਦੀ ਮਹੱਹਤਾ ’ਤੇ ਜੋਰ ਦਿੰਦਿਆਂ ਕਿਸਾਨਾਂ ਨੂੰ ਮਿੱਟੀ ਅਤੇ ਪਾਣੀ ਪਰਖ ਲਈ ਨਮੂਨੇ ਲੈਣ ਦੇ ਢੰਗਾਂ ਅਤੇ ਮਿੱਟੀ ਪਰਖ ਦੇ ਆਧਾਰ ’ਤੇ ਖਾਦਾਂ ਦੀ ਵਰਤੋ ਬਾਰੇ ਦੱਸਿਆ। ਇਸ ਦੌਰਾਨ ਉਨਾਂ ਸੰਬੋਧਨ ਕਰਦਿਆਂ ਕਿਸਾਨਾਂ ਨੂੰ ਬੀ.ਟੀ ਨਰਮੇ ਦੇ ਬੀਜ ਉੱਪਰ ਦਿੱਤੀ ਜਾਣ ਸਬਸਿਡੀ ਅਤੇ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਵਿਭਾਗ ਵੱਲੋ ਦਿੱਤੇ ਜਾਣ ਵਾਲੇ ਵਿੱਤੀ ਲਾਭ ਪ੍ਰਾਪਤ ਕਰਨ ਲਈ ਆਨਲਾਈਨ ਅਪਲਾਈ ਕਰਨ ਬਾਰੇ ਜਾਣਕਾਰੀ ਦਿੱਤੀ। ਇਸ ਕੈਂਪ ਦਾ ਸੁਚੱਜਾ ਪ੍ਰਬੰਧਨ ਗੁਰਜੀਤ ਸਿੰਘ ਖੇਤੀਬਾੜੀ ਉਪ ਨਿਰੀਖਕ ਅਤੇ ਬਲਕੌਰ ਸਿੰਘ ਬੇਲਦਾਰ, ਤਲਵੰਡੀ ਸਾਬੋ ਵੱਲੋ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਵਿਦਿਆਰਥੀਆਂ ਦੇ ਉਤਸ਼ਾਹ ਨਾਲ ਮਹਿਤਾ ਨੰਗਲ ਸਕੂਲ ਵਿਖੇ ਸਮਰ ਕੈਂਪ ਜਾਰੀ



**ਚੌਕ ਮਹਿਤਾ, 29 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ)-**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਨੰਗਲ ਵਿਖੇ ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਮਰ ਕੈਂਪ: ਭਾਰਤੀ ਭਾਸ਼ਾਵਾਂ (ਤੇਲਗੂ), ਡੀਡੀਓ ਪ੍ਰਿੰਸੀਪਲ ਦੀਪਇੰਦਰਪਾਲ ਸਿੰਘ ਖਹਿਰਾ ਜੀ ਦੇ ਦਿਸ਼ਾ- ਨਿਰਦੇਸ਼ਾਂ ਅਨੁਸਰ ਅਤੇ ਇੰਚਾਰਜ ਪ੍ਰਿੰਸੀਪਲ ਕੁਲਦੀਪ ਸਿੰਘ ਦੀ ਰਹਿਨੁਮਾਈ ਹੇਠ ਕੀਤੀ ਗਈ, ਜੋ ਲਗਾਤਾਰ ਜਾਰੀ ਹੈ। ਛੇਵੀਂ ਕਲਾਸ ਤੋਂ ਦੱਸਵੀਂ ਕਲਾਸ ਤੱਕ ਦੇ ਵਿਦਿਆਰਥੀਆਂ ਦਾ ਇਹ ਕੈਂਪ ਹਰ ਸਾਲ ਵਾਂਗ ਇਸ ਸਾਲ ਇੱਕ ਵਿਲੱਖਣ ਰੂਪ ਵਿੱਚ ਆਕਰਸ਼ਕ ਢੰਗ ਨਾਲ ਲਾਇਆ ਗਿਆ। ਇਸ ਵੱਖਰੇ ਰੂਪ ਵਾਲੇ ਸਮਰ ਕੈਂਪ ਦਾ ਵਿਦਿਆਰਥੀ ਖੂਬ ਆਨੰਦ ਮਾਣ ਰਹੇ ਹਨ ਅਤੇ ਬੜੇ ਹੀ ਉਤਸ਼ਾਹਿਤ ਨਜਰ ਆ ਰਹੇ ਹਨ। ਇਸ ਸਮਰ ਕੈਂਪ ਦੀ ਸ਼ੁਰੂਆਤ ਮਿਤੀ 26 ਮਈ 2025 ਨੂੰ ਨੂੰ ਕੀਤੀ ਗਈ, ਜੋ ਲਗਾਤਾਰ ਜਾਰੀ ਹੈ। ਇਸ ਸਮਰ ਕੈਂਪ ਦਾ ਬਹੁਤ ਹੀ ਵਧੀਆ ਢੰਗ ਨਾਲ ਸੰਚਾਲਨ ਕਰਨ ਵਿੱਚ ਮੁੱਖ ਰੂਪ ਵਿੱਚ ਅਧਿਆਪਕ ਸ. ਚਰਨਜੀਤ ਸਿੰਘ ਬੱਲ, ਮੈਡਮ ਹਰਪ੍ਰੀਤ ਕੌਰ, ਕੁਲਬੀਰ ਕੌਰ, ਕੁਲਜਿੰਦਰ ਕੌਰ, ਕ੍ਰਿਸ਼ਨ ਕੁਮਾਰ, ਅੰਕੁਰ ਰਾਲਾ ਆਦਿ ਕਰ ਰਹੇ ਹਨ। ਸ. ਚਰਨਜੀਤ ਸਿੰਘ ਬੱਲ ਅਤੇ ਮੈਡਮ ਹਰਪ੍ਰੀਤ ਕੌਰ ਵੱਲੋਂ ਸਾਂਝੇ ਰੂਪ ਵਿੱਚ ਦੱਸਿਆ ਗਿਆ ਕਿ ਵਿਦਿਆਰਥੀਆਂ ਨੂੰ ਸਮਰ ਕੈਂਪ ਦੇ ਪਹਿਲੇ ਦਿਨ ਤੈਲਗੂ ਭਾਸ਼ਾ ਵਿੱਚ ਗਿਣਤੀ ਸਿਖਾਈ ਗਈ, ਦੂਸਰੇ ਦਿਨ ਰੰਗਾਂ ਤੇ ਨਾਂ ਸਿਖਾਏ ਗਏ, ਤੀਜੇ ਦਿਨ ਲੋਕ ਸਾਜ਼ ਅਤੇ ਅੱਜ ਚੌਥੇ ਦਿਨ ਤੈਲਗੂ ਦੇ ਲੋਕ ਨਾਚ ਸਿਖਾਏ ਗਏ ਅਤੇ ਕੈਂਪ ਅਜੇ ਵੀ ਬਾਖੂਬੀ ਢੰਗ ਨਾਲ ਚਲਾਇਆ ਜਾ ਰਿਹਾ ਹੈ। ਇਸ ਮੌਕੇ ਸਕੂਲ ਦੇ ਲੈਕਚਰਾਰ ਰਵਿੰਦਰ ਕੁਮਾਰ, ਗੁਰਮੀਤ ਸਿੰਘ, ਸੁਰਿੰਦਰ ਭਾਟੀਆ, ਜਸਮੀਤ ਕੌਰ, ਹਰਸਿਮਰਨ ਕੌਰ, ਕ੍ਰਿਸ਼ਨ ਕੁਮਾਰ, ਅੰਕੁਰ ਰਾਲਾ, ਸਲਵਿੰਦਰ ਸਿੰਘ, ਨਵਜੋਤ ਸਿੰਘ, ਰਾਕੇਸ਼ ਕੁਮਾਰ, ਕੈਂਪਸ ਮੈਨੇਜਰ ਬਲਜਿੰਦਰ ਸਿੰਘ ਅਤੇ ਹਰਜੋਤ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਵਿੱਖੇ ਖੂਨ ਦਾਨ ਕੈਂਪ 31 ਮਈ ਦਿਨ ਸ਼ਨੀਵਾਰ ਨੂੰ-ਸੰਤ ਬਾਬਾ ਸੱਜਣ ਸਿੰਘ

## ਬੈਲਸੀਮੀਆ ਬਿਮਾਰੀ ਤੋਂ ਪੀੜ੍ਹਤ ਲਈ ਖੂਨ ਦਾਨ ਕੈਪ



**ਚੌਕ ਮਹਿਤਾ, 29 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )-**ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪਵਿੱਤਰ ਪਾਵਨ ਅਸਥਾਨ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ (ਮੱਤੇਵਾਲ) ਦੇ ਮੁੱਖੀ ਸ੍ਰੀ ਮਾਨ ਸੰਤ ਬਾਬਾ ਸੱਜਣ ਸਿੰਘ ਦੀ ਅਗਵਾਈ ਹੇਠ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਹੀਦੀ ਦਿਹਾੜੇ ਨੂੰ ਸਮਰਪਿਤ ਵਿਰਜ ਵੈਲਫੇਅਰ ਸੁਸਾਇਟੀ ਨਵਾਂ ਤੰਨੇਲ ਵੱਲੋਂ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਮੱਤੇਵਾਲ ਵਿੱਖੇ ਬੈਲਸੀਮੀਆ ਬਿਮਾਰੀ ਤੋਂ ਪੀੜ੍ਹਤ ਬੱਚਿਆਂ ਲਈ 31 ਮਈ 2025 ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਵੇਲਾ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਮਾਹਰ ਡਾ, ਬਲਵਿੰਦਰ ਸਿੰਘ ਬੱਲ ਦੀ ਅਗਵਾਈ ਹੇਠ ਡਾਕਟਰਾ ਵੱਲੋਂ ਖੂਨ ਦਾਨ ਕੈਪ ਲਗਾਇਆ ਜਾ ਰਿਹਾ ਹੈ, ਸਮੂਹ ਇਲਾਕੇ ਖੂਨ ਦਾਨ ਪ੍ਰੇਮੀਆਂ ਨੂੰ ਨੂੰ ਸੰਤ ਬਾਬਾ ਸੱਜਣ ਸਿੰਘ ਵੱਲੋਂ ਬੇਨਤੀ ਕੀਤੀ ਜਾਂਦੀ ਹੈ ਕਿ ਵੱਧ ਤੌ ਵੱਧ ਬੈਲਸੀਮੀਆ ਬਿਮਾਰੀ ਦੇ ਪੀੜ੍ਹਤ ਬੱਚਿਆਂ ਲਈ ਖੂਨ ਦਾਨ ਕਰਕੇ ਆਪਣੇ ਜੀਵਨ ਨੂੰ ਸਫਲ ਕਰਨ। ਠੰਡੇ ਮਿੱਠੇ ਜਲ ਦੀਆਂ ਛਬੀਲਾ ਅਤੇ ਗੁਰੂ ਜੀ ਦਾ ਲੰਗਰ ਆਟੁਤ ਵਰਤੇਗਾ।

ਆਵਾਜ਼ਿ ਕੌਮ AWAZE QAUM International Newspaper & WEB TV












ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਰਾਮਸਰ ਕਾਲਕਾ, ਮੀਤ ਪ੍ਰਧਾਨ ਗੁਰਬੀਰ ਸਿੰਘ ਤਲਾਕੌਰ ਯਮੁਨਾਨਗਰ,ਜਰਨਲ ਸਕੱਤਰ ਹਰਜੀਤ ਸਿੰਘ ਰਾਣੀਆਂ ਸਿਰਸਾ,ਮੀਤ ਸਕੱਤਰ ਬਲਵਿੰਦਰ ਸਿੰਘ ਭਿੰਡਰ ਕੈਂਥਲ ਨੂੰ ਅੱਜ ਉਨਾਂ ਦੇ ਕੁਰੂਕਸ਼ੇਤਰ ਦਫਤਰਾਂ ਵਿੱਚ ਪ੍ਰਧਾਨ ਸ. ਜਗਦੀਸ਼ ਸਿੰਘ ਝੀਂਡਾ,ਜਥੇਦਾਰ ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਅਤੇ ਸਮੁੱਚੀ ਕਾਰਜ਼ਕਰਨੀ ਕਮੇਟੀ ਕਰਨੈਲ ਸਿੰਘ ਨਿੰਮਨਾਬਾਦ,ਜਗਤਾਰ ਸਿੰਘ ਮਿੱਠੜੀ,ਰੁਪਿੰਦਰ ਸਿੰਘ ਪੰਜ਼ੋਖਰਾ ਸਾਹਿਬ,ਪਲਵਿੰਦਰ ਸਿੰਘ ਚੀਮਾ ਘਰੌਂਡਾ ਵੱਲੋਂ ਸਤਿਕਾਰ ਸਹਿਤ ਬਿਠਾਇਆ ਗਿਆ ਅਤੇ ਕੰਮ ਜਾਰੀ ਕਰਨ ਲਈ ਮੁਬਾਰਕਬਾਦ ਦਿੱਤੀ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### 1984 ਦੇ ਸਿੱਖ ਕਤਲੇਆਮ ਦੇ ਪੀੜ੍ਹਤ ਪਰਿਵਾਰਾਂ ਦੇ ਮੈਂਬਰਾਂ ਨੂੰ ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ ਵਲੋਂ

# ਨਿਯੁਕਤੀ ਪੱਤਰ ਵੰਡੇ ਜਾਣਾ ਬੇਹੱਦ ਸ਼ਲਾਘਾਯੋਗ :ਮਹਾਰਾਸ਼ਟਰ ਸਿੱਖ ਸਮਾਜ





**ਅੰਮ੍ਰਿਤਸਰ, 29 ਮਈ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ ਵਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫਤਰ ਵਿਚ 1984 ਦੇ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੇ ਮੈਂਬਰਾਂ ਨੂੰ ਨੌਕਰੀਆਂ ਦੇ ਨਿਯੁਕਤੀ ਪੱਤਰ ਵੰਡੇ ਦਮਦਮੀ ਟਕਸਾਲ ਦੇ ਮੁੱਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਅਤੇ ਮਹਾਰਾਸ਼ਟਰ ਸਿੱਖ ਸਮਾਜ ਅਤੇ ਚੇਅਰਮੈਨ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਮਲਕੀਤ ਸਿੰਘ ਬੱਲ ਵਲੋਂ ਇਸ ਕੀਤੇ ਗਏ ਕਾਰਜ ਦੀ ਬੇਹੱਦ ਸ਼ਲਾਘਾ ਕੀਤੀ ਗਈ ਉਨ੍ਹਾਂ ਕਿਹਾ ਕਿ ਦੇਸ਼ ਦੇ ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਹੇਠ ਪੂਰਾ ਭਾਰਤ ਦੇਸ਼ ਤਰੱਕੀ ਕਰ ਰਿਹਾ ਹੈ ਇਸ ਮੌਕੇ ਉਨ੍ਹਾਂ ਕਿਹਾ ਕਿ ਬਹੁਤ ਹੀ ਮੰਦਭਾਗੀ ਗੱਲ ਹੈ ਕਿ 40 ਸਾਲਾਂ ਦੌਰਾਨ ਕੇਂਦਰ ਤੇ ਦਿੱਲੀ ਵਿਚ ਕਈ ਸਰਕਾਰਾਂ ਆਈਆਂ ਪਰ ਕਿਸੇ ਨੇ ਵੀ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੇ ਜ਼ਖ਼ਮਾਂ ’ਤੇ ਮੱਲ੍ਹਮ ਲਾਉਣ ਦਾ ਕੰਮ ਨਹੀਂ ਕੀਤਾ 2014 ਵਿਚ ਜਦੋਂ ਸ੍ਰੀ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ ਤਾਂ ਉਹਨਾਂ ਨੇ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਦਾ ਗਠਨ ਕੀਤਾ ਜਿਸਨੇ ਕਾਂਗਰਸੀ ਆਗੂਆਂ ਦੇ ਕਹਿਣ ’ਤੇ ਬੰਦ ਹੋਏ ਕੇਸਾਂ ਦੀ ਪੜਤਾਲ ਕੀਤੀ ਤੇ ਦੋਸ਼ੀਆਂ ਨੂੰ ਜੇਲ੍ਹ ਭੇਜਿਆ ਗਿਆ ਕੈਬਨਿਟ ਮੰਤਰੀ ਸਰਦਾਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਤਕਰੀਬਨ 600 ਪਰਿਵਾਰਾਂ ਦੀ ਪਛਾਣ ਕੀਤੀ ਗਈ ਹੈ ਜੋ 1984 ਦੇ ਸਿੱਖ ਕਤਲੇਆਮ ਤੋਂ ਪੀੜਤ ਹਨ ਤੇ ਜਿਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਦਿੱਲੀ ਸਰਕਾਰ ਵੱਲੋਂ ਨੌਕਰੀਆਂ ਦਿੱਤੀਆਂ ਜਾਣਗੀਆਂ।

### ਓਲੰਪਿਆਡ ਫੈਡਰੇਸ਼ਨ ਵੱਲੋਂ ਕਰਵਾਏ ਗਏ ਹਿੰਦੀ ਵਿਸ਼ੇ ਦੇ ਮੁਕਾਬਲਿਆਂ ਵਿੱਚੋਂ

# ਸੇਂਟ ਸੋਲਜਰ ਦੇ ਵਿਦਿਆਰਥੀ ਜੇਤੂ ਰਹੇ



ਜੰਡਿਆਲਾ ਗੁਰੂ 29 ਮਈ ( ਕੁਲਵੰਤ ਸਿੰਘ ਵਿਰਦੀ ) ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਦੇ ਬੱਚਿਆਂ ਨੇ ਹਿੰਦੀ ਉਲੰਪੀਆਡ ਵਿੱਚ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ। ਕਿਸੇ ਵੀ ਮੰਜ਼ਿਲ ਨੂੰ ਪ੍ਰਾਪਤ ਕਰਨ ਲਈ ਉਸਦੀਆਂ ਨੀਹਾਂ ਦਾ ਮਜ਼ਬੂਤ ਹੋਣਾ ਬਹੁਤ ਜਰੂਰੀ ਹੁੰਦਾ ਹੈ।ਸੇਂਟ ਸੋਲਜਰ ਸਕੂਲ ਇਕ ਅਜਿਹਾ ਅਦਾਰਾ ਹੈ ਜਿਹੜਾ ਬੱਚਿਆਂ ਦੇ ਭਵਿੱਖ ਨੂੰ ਵਧੀਆ ਕਰਨ ਲਈ ਹਰ ਸੰਭਵ ਯਤਨ ਕਰਦਾ ਰਹਿੰਦਾ ਹੈ ਇਸੇ ਤਹਿਤ ਸੈਂਟ ਸੋਲਜਰ ਦੇ ਵਿਦਿਆਰਥੀ ਇਹਨਾਂ ਮੁਕਾਬਲਿਆਂ ਵਿੱਚ ਲਗਾਤਾਰ ਹਿੱਸਾ ਲੈਂਦੇ ਰਹਿੰਦੇ ਹਨ ਓਲੰਪੀਆਡ ਮੁਕਾਬਲਿਆਂ ਵਿੱਚ ਹਿੱਸਾ ਲੈਣਾ ਵਿਦਿਆਰਥੀ ਦੀ ਸਿੱਖਿਆ ਦਾ ਇੱਕ ਮਹੱਤਵਪੂਰਨ ਪਹਿਲੂ ਹੈ ਜਿਸ ਨਾਲ ਵਿਦਿਆਰਥੀ ਖਾਸ ਵਿਸ਼ਿਆਂ ਵਿੱਚ ਮਹੱਤਵਪੂਰਨ ਮੁਹਾਰਤ ਹਾਸਲ ਕਰਦੇ ਹਨ ਸੈਟ ਸੋਲਜਰ ਸਕੂਲ ਵੱਲੋਂ ਆਪਣੇ ਵਿਦਿਆਰਥੀਆਂ ਦੀ ਗੁਣਾਤਮਕ ਸਿੱਖਿਆ ਦੇ ਲਈ ਲਗਾਤਾਰ ਉਹਨਾਂ ਨੂੰ ਓਲੰਪੀਆਡ ਟੈਸਟ ਦੇ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ।ਇਸੇ ਲੜੀ ਤਹਿਤ ਸੈਂਟ ਸੋਲਜਰ ਦੇ ਵਿਦਿਆਰਥੀਆਂ ਨੇ ਓਲੰਪਿਆਡ ਫੈਡਰੇਸ਼ਨ ਵੱਲੋਂ ਕਰਵਾਏ ਗਏ ਹਿੰਦੀ ਵਿਸ਼ੇ ਦੇ ਮੁਕਾਬਲਿਆਂ ਵਿੱਚ ਵੱਧ ਚੜ ਕੇ ਹਿੱਸਾ ਲਿਆ ਅਤੇ ਸ਼ਾਨਦਾਰ ਗੋਲਡ ਮੈਡਲ ਹਾਸਲ ਕੀਤੇ।

ਜਿਨਾਂ ਵਿੱਚ ਅਕਸ਼ਿਤ (ਤੀਸਰੀ ਕਲਾਸ) ਯਸ਼ਿਤਾ ਸਨਮ (ਛੇਵੀਂ ਕਲਾਸ )ਅਨੁਸ਼ਕਾ ਸ਼ਰਮਾ (ਛੇਵੀਂ ਕਲਾਸ )ਗੁਰਲੀਨ ਕੌਰ (ਸੱਤਵੀਂ ਕਲਾਸ) ਹਰਲੀਨ ਕੌਰ (ਸੱਤਵੀ ਕਲਾਸ) ਮਹਿਮਾ ਮਹਿਤਾ (ਸੱਤਵੀਂ ਕਲਾਸ) ਜਾਨਵੀ ਨਈਅਰ (ਸੱਤਵੀਂ ਕਲਾਸ )ਨੇ ਸ਼ਾਨਦਾਰ ਗੋਲਡ ਮੈਡਲ ਹਾਸਿਲ ਕੀਤੇ। ਇਸੇ ਤਰ੍ਹਾਂ ਅੰਸ਼ਦੀਪ ਸਿੰਘ (ਸੱਤਵੀਂ ਕਲਾਸ )ਹਰਸੀਰਤ ਕੌਰ (ਸੱਤਵੀਂ ਕਲਾਸ) ਮਨਪ੍ਰੀਤ ਕੌਰ (ਸੱਤਵੀਂ ਕਲਾਸ ) ਕਰਮਜੋਤ ਸਿੰਘ (ਸੱਤਵੀਂ ਕਲਾਸ )ਅਤੇ ਗੁਰਨੂਰ ਕੌਰ (ਸੱਤਵੀਂ ਕਲਾਸ) ਕਲਾਸ ਟੌਪਰ ਰਹੇ। ਇਸ ਮੌਕੇ ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਜੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਇਹਨਾਂ ਓਲੰਪੀਆਡ ਦੇ ਮੁਕਾਬਲਿਆਂ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਉਹਨਾਂ ਕਿਹਾ ਕਿ ਇਹ ਮੁਕਾਬਲੇ ਵਿਦਿਆਰਥੀਆਂ ਨੂੰ ਉਹਨਾਂ ਦੇ ਚੁਣੇ ਹੋਏ ਵਿਸ਼ਿਆਂ ਦੇ ਵਿੱਚ ਡੂੰਘਾਈ ਨਾਲ ਜਾਣ ਦਾ ਮੌਕਾ ਪ੍ਰਦਾਨ ਕਰਦੇ ਹਨ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਮਰਪ੍ਰੀਤ ਕੌਰ ਜੀ ਨੇ ਵੀ ਬੱਚਿਆਂ ਨੂੰ ਉਹਨਾਂ ਦੀ ਇਸ ਜਿੱਤ ਦੀ ਵਧਾਈ ਤੇ ਸ਼ਾਬਾਸ਼ੀ ਦਿੱਤੀ ਅਤੇ ਬੱਚਿਆਂ ਦੇ ਇੰਚਾਰਜ ਮੈਡਮ ਅੰਜਨਾ ਰਾਣੀ ਜੀ ਦੀ ਮਿਹਨਤ ਨੂੰ ਵੀ ਸਰਾਹਿਆ। ਇਸ ਮੌਕੇ ਤੇ ਸਕੂਲ ਦੇ ਵਾਈਸ ਪ੍ਰਿੰਸੀਪਲ ਸ਼੍ਰੀਮਤੀ ਗੁਰਪ੍ਰੀਤ ਕੌਰ ਜੀ ਸ਼ਿਲਪਾ ਸ਼ਰਮਾ ਕੋਆਰਡੀਨੇਟਰ, ਨਿਲਾਕਸ਼ੀ ਗੁਪਤਾ ਕੋਆਰਡੀਨੇਟਰ ਸਮੂਹ ਸਟਾਫ ਅਤੇ ਬੱਚੇ ਹਾਜਰ ਸਨ।

**ਓਲੰਪੀਆਡ ਦੇ ਮੁਕਾਬਲਿਆਂ ਵਿੱਚ ਵਿਦਿਆਰਥੀਆ ਨੂੰ ਵੱਧ ਚੜ੍ਹ ਕਿ ਹਿੱਸਾ ਲੈਣਾ ਚਾਹੀਦਾ-ਡਾ: ਕਿਸਨਪੁਰੀ**

### ਸਰਦਾਰ ਢੀਂਡਸਾ ਵੱਲੋਂ ਅਧਿਆਪਕ ਦਲ ਪੰਜਾਬ ਦੀ ਮਜਬੂਤੀ ਲਈ

# ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ : ਜਵੰਧਾ

**ਧੂਰੀ ( ਰਣਜੀਤ ਸਿੰਘ ਪੇਧਨੀ )**-ਅਧਿਆਪਕ ਦਲ ਪੰਜਾਬ ਦੇ ਸਰਪ੍ਰਸਤ ਸ੍ਰ ਹਰਦੇਵ ਸਿੰਘ ਜਵੰਧਾ , ਸੂਬਾ ਪ੍ਰਧਾਨ ਜਸਵਿੰਦਰ ਸਿੰਘ ਔਲਖ, ਸੀਨੀਅਰ ਮੀਤ ਪ੍ਰਧਾਨ ਰਾਜਦੀਪ ਸਿੰਘ ਬਰੇਟਾ ਤੇ ਰਾਕੇਸ਼ ਕੁਮਾਰ ਗਰਗ, ਸੁਖਵਿੰਦਰ ਸਿੰਘ ਭੰਡਾਰੀ ,ਤੇਜਵਿੰਦਰ ਸਿੰਘ ਬਿੱਟੂ , ਮਨਜੀਤ ਸਿੰਘ ਭੁੱਲਰਾਂ ,ਬਲਦੇਵ ਸਿੰਘ ਮੰਡੇਰ, ਰਾਮਦੇਵ ਉੱਭਾਵਾਲ,ਸੁਖਦੇਵ ਸਿੰਘ ਉੱਭਾਵਾਲ,ਰਣਜੀਤ ਸਿੰਘ ਛਾਜਲਾ ਨੇ ਕੌਮ ਦੇ ਦਿੱਗਜ ਨੇਤਾ ,ਦਰਵੇਸ਼ ਸਿਆਸਤਦਾਨ ਸ੍ਰ ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣਾ ਕਰ ਜਾਣ ਤੇ ਡੂੰਘੇ ਦੁੱਖ ਅਤੇ ਅਫਸੋਸ ਦਾ ਇਜਹਾਰ ਕੀਤਾ ਹੈ ।ਉਨ੍ਹਾਂ ਕਿਹਾ ਕਿ ਸ੍ਰ ਢੀਂਡਸਾ ਦੇ ਵਿਛੋੜੇ ਨਾਲ ਸਿੱਖ ਕੌਮ, ਪੰਥ ਅਤੇ ਪੰਜਾਬ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ ਹੈ। ਅਧਿਆਪਕ ਆਗੂਆਂ ਨੇ ਕਿਹਾ ਕਿ ਸ੍ਰ ਢੀਂਡਸਾ ਵੱਲੋਂ ਜਿੱਥੇ ਸ਼੍ਰੋਮਣੀ ਅਕਾਲੀ ਦਲ ,ਪੰਥ ਤੇ ਪੰਜਾਬ ਦੀ ਕੀਤੀ ਸੇਵਾ ਨੂੰ ਭੁਲਾਇਆ ਨਹੀਂ ਜਾ ਸਕਦਾ , ਉੱਥੇ ਹੀ ਉਨ੍ਹਾਂ ਵੱਲੋਂ ਅਧਿਆਪਕ ਦਲ ਪੰਜਾਬ ਦੀ ਜਥੇਬੰਦੀ ਨੂੰ ਸਿਖਰਾਂ ਤੇ ਪਹੁੰਚਾਉਣ ਲਈ ਪਾਏ ਯੋਗਦਾਨ ਨੂੰ ਅਧਿਆਪਕ ਵਰਗ ਹਮੇਸ਼ਾਂ ਯਾਦ ਰੱਖੇਗਾ ।



# ਸੁਖਦੇਵ ਸਿੰਘ ਢੀਂਡਸਾ ਨੇ ਉੱਚ ਅਹੁਦਿਆਂ ’ਤੇ ਰਹਿ ਕੇ ਸਿੱਖ ਕੌਮ , ਪੰਜਾਬ ਅਤੇ ਪੰਜਾਬੀਅਤ ਦੀ ਸੇਵਾ ਕੀਤੀ

### ਪੰਮਾ ਬਾਠ ਨੇ ਢੀਂਡਸਾ ਢੀਡਸਾਂ ਪਰਿਵਾਰ ਨਾਲ ਕੀਤਾ ਦੁੱਖ ਸਾਂਝਾ



**ਸੰਗਰੂਰ ( ਰਣਜੀਤ ਸਿੰਘ ਪੇਧਨੀ)**-ਰਾਜਨੀਤੀ ਦੇ ਬਾਬਾ ਬੋਹੜ, ਸਾਬਕਾ ਕੇਂਦਰੀ ਮੰਤਰੀ, ਸਾਬਕਾ ਰਾਜ ਸਭਾ ਮੈਂਬਰ ਅਤੇ ਸੀਨੀਅਰ ਅਕਾਲੀ ਦਲ ਦੇ ਨੇਤਾ ਸੁਖਦੇਵ ਸਿੰਘ ਢੀਂਡਸਾ ਦੇ ਅਕਾਲ ਚਲਾਣੇ ਨਾਲ ਜਿੱਥੇ ਪੂਰੇ ਦੇਸ਼ ਨੂੰ ਘਾਟਾ ਪਿਆ ਹੈ ਉੱਥੇ ਉਹਨਾਂ ਦੇ ਸ਼ੁਭ ਚਿੰਤਕਾਂ ਵਿੱਚ ਸੋਗ ਦੀ ਲਹਿਰ ਹੈ। ਢੀਡਸਾ ਪਰਿਵਾਰ ਦੇ ਅਤਿ ਨਜ਼ਦੀਕੀ ਪਰਮਜੀਤ ਸਿੰਘ ਪੰਮਾ ਬਾਠ ਨੇ ਸਾਬਕਾ ਕੈਬਨਿਟ ਮੰਤਰੀ ਸ ਪਰਮਿੰਦਰ ਢੀਨਸਾ ਦੇ ਨਾਲ ਦੁੱਖ ਸਾਂਝਾ ਕੀਤਾ। ਪੰਮਾ ਬਾਠ ਨੇ ਕਿਹਾ ਕਿ ਸੁਖਦੇਵ ਢੀਂਡਸਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਗਰੂਰ ਤੋਂ ਲੋਕ ਸਭਾ ਮੈਂਬਰ ਸਨ, ਜਦੋਂ ਉਹ ਅਟਲ ਬਿਹਾਰੀ ਵਾਜਪਾਈ ਸਰਕਾਰ ਵਿੱਚ ਖੇਡ, ਰਸਾਇਣ ਅਤੇ ਖਾਦਾਂ ਦੇ ਕੇਂਦਰੀ ਮੰਤਰੀ ਬਣੇ । ਢੀਂਡਸਾ 2019 ’ਚ ਪਦਮ ਭੂਸ਼ਨ ਨਾਲ ਸਨਮਾਨਿਤ ਕੀਤੇ ਗਏ । ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਸਿਆਸੀ ਸਫ਼ਰ ਦੀ ਸ਼ੁਰੂਆਤ ਵਿਦਿਆਰਥੀ ਜੀਵਨ ਤੋਂ ਸ਼ੁਰੂ ਕੀਤੀ, ਜਿੱਥੇ ਉਹ ਲੰਮਾ ਸਮਾਂ ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿੱਚ ਵਿਦਿਆਰਥੀ ਯੂਨੀਅਨ ਦੇ ਪ੍ਰਧਾਨ ਰਹੇ। ਉਨ੍ਹਾਂ ਨੇ ਆਪਣੇ ਪਿੰਡ ਦੇ ਸਰਪੰਚ ਵਜੋਂ ਚੋਣ ਜਿੱਤ ਕੇ ਸਿਆਸਤ ਵਿੱਚ ਕਦਮ ਰੱਖਿਆ ਅਤੇ ਬਾਅਦ ’ਚ ਬਲਾਕ ਸਮਿਤੀ ਸੰਗਰੂਰ ਦੇ ਚੇਅਰਮੈਨ ਬਣੇ। ਉਨ੍ਹਾਂ ਕਿਹਾ ਕਿ 1972 ਵਿੱਚ ਧਨੌਲਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਵਿਧਾਇਕ ਦੀ ਚੋਣ ਜਿੱਤੀ। ਬਾਅਦ ਵਿੱਚ ਉਹ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ।1977 ਵਿੱਚ ਸੁਨਾਮ ਹਲਕੇ ਤੋਂ ਵਿਧਾਇਕ ਚੁਣੇ ਗਏ ਅਤੇ ਪੰਜਾਬ ਸਰਕਾਰ ਵਿੱਚ ਟਰਾਂਸਪੋਰਟ, ਖੇਡਾਂ, ਸੈਰ-ਸਪਾਟਾ, ਸੱਭਿਆਚਾਰ ਅਤੇ ਨਾਗਰਿਕ ਹਵਾਈ ਯਾਤਰਾ ਮੰਤਰੀ ਵਜੋਂ ਸੇਵਾ ਨਿਭਾਈ। ਉਨ੍ਹਾਂ ਕਿਹਾ ਹੈ ਅਸੀਂ ਜਿੱਥੇ ਪਰਿਵਾਰ ਦੇ ਨਾਲ ਦੁੱਖ ਸਾਂਝਾ ਕਰਦੇ ਹਾਂ ਉੱਥੇ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਪਰਮਾਤਮਾ ਸ, ਸੁਖਦੇਵ ਸਿੰਘ ਢੀਡਸਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨਾਲ ਕੀਤੀ ਮੀਟਿੰਗ, ਗਲਬਾਤ ਦੀ ਰਿਪੋਰਟ ਐਡਵੋਕੇਟ ਧਾਮੀ ਨੂੰ ਸੌਂਪੀ ਜਾਵੇਗੀ



**ਨਵੀਂ ਦਿੱਲੀ, 29 ਮਈ (ਮਨਪ੍ਰੀਤ ਸਿੰਘ ਖਾਲਸਾ)**:-ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬੀਤੇ ਦਿਨੀਂ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਤੋਂ ਬਾਅਦ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਕੀਤੇ ਆਦੇਸ਼ ਦੇ ਮਾਮਲੇ ਵਿਚ ਗਲਬਾਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਗਠਿਤ ਕੀਤੀ ਕਮੇਟੀ ਨੇ ਅੱਜ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਮੀਟਿੰਗ ਕੀਤੀ। ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਗਏ ਇਸ ਵਫਦ ਵਿੱਚ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਸ. ਗੁਰਬਚਨ ਸਿੰਘ ਕਰਮੂੰਵਾਲਾ ਤੇ ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ ਸ਼ਾਮਲ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਹੋਏ ਫੈਸਲੇ ਤੋਂ ਬਾਅਦ ਪ੍ਰਬੰਧਕਾਂ ਵਿੱਚ ਕੁਝ ਮਤਭੇਦ ਆਏ ਸਨ, ਜਿਸ ਦਾ ਸਿੱਖ ਸੰਗਤ ਤੇ ਗਹਿਰਾ ਪ੍ਰਭਾਵ ਪੈ ਰਿਹਾ ਸੀ। ਇਸ ਮਸਲੇ ਨੂੰ ਹੱਲ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਵੱਲੋਂ ਇਕ ਕਮੇਟੀ ਗਠਿਤ ਕੀਤੀ ਗਈ ਸੀ, ਜਿਸ ਨੇ ਅੱਜ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਾਲ ਮੀਟਿੰਗ ਕੀਤੀ ਹੈ। ਸਿੱਖ ਸੰਸਥਾ ਦਾ ਮਕਸਦ ਇਸ ਮਾਮਲੇ ਨੂੰ ਗਲਬਾਤ ਰਾਹੀਂ ਹੱਲ ਕਰਨਾ ਹੈ ਅਤੇ ਉਹ ਇਸ ਮੀਟਿੰਗ ਦੀ ਰਿਪੋਰਟ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸੌਂਪਣਗੇ। ਉਨ੍ਹਾਂ ਕਿਹਾ ਕਿ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਜੋ ਆਦੇਸ਼ ਜਾਰੀ ਕੀਤੇ ਗਏ ਸਨ ਇਥੋਂ ਦੀ ਪ੍ਰਬੰਧਕ ਕਮੇਟੀ ਨੇ ਵੀ ਉਸ ਨਾਲ ਸਹਿਮਤੀ ਪ੍ਰਗਟਾਈ ਸੀ। ਉਨ੍ਹਾਂ ਕਿਹਾ ਕਿ ਅਸੀਂ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਸ਼੍ਰੋਮਣੀ ਕਮੇਟੀ ਦਾ ਪੱਖ ਰੱਖਿਆ ਹੈ। ਉਨ੍ਹਾਂ ਕਿਹਾ ਕਿ ਆਸ ਹੈ ਕਿ ਇਹ ਮਾਮਲਾ ਜਲਦ ਹੱਲ ਹੋ ਜਾਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਭਾਈ ਗੁਰਚਰਨ ਸਿੰਘ ਗਰੇਵਾਲ, ਸ. ਗੁਰਬਚਨ ਸਿੰਘ ਕਰਮੂੰਵਾਲਾ, ਕੋਆਰਡੀਨੇਟਰ ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ ਤੋ ਇਲਾਵਾ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ, ਮੀਤ ਪ੍ਰਧਾਨ ਸ. ਮਹਿੰਦਰ ਪਾਲ ਸਿੰਘ, ਜਨਰਲ ਸਕੱਤਰ ਸ. ਇੰਦਰਜੀਤ ਸਿੰਘ, ਸਕੱਤਰ ਸ. ਹਰਬੰਸ ਸਿੰਘ ਖਨੂੰਜਾ, ਸ. ਹਰਪਾਲ ਸਿੰਘ, ਮੈਂਬਰ ਸ. ਗੁਰਮੀਤ ਸਿੰਘ, ਸ. ਗੁਰਵਿੰਦਰ ਸਿੰਘ, ਸ. ਲਖਵਿੰਦਰ ਸਿੰਘ ਆਦਿ ਹਾਜ਼ਰ ਸਨ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਜੰਮੂ-ਕਸ਼ਮੀਰ ਵਿਚ ਅਫਸਪਾ ਵਰਗਾ

# ਜ਼ਾਬਰ ਕਾਨੂੰਨ ਖਤਮ ਕਰਕੇ ਕਾਇਮ ਹੋ ਸਕਦਾ ਹੈ ਅਮਨ ਚੈਨ : ਮਾਨ



**ਨਵੀਂ ਦਿੱਲੀ, 29 ਮਈ (ਮਨਪ੍ਰੀਤ ਸਿੰਘ ਖਾਲਸਾ)**:- "ਇਹ ਬਹੁਤ ਦੁੱਖ ਵਾਲੀ ਗੱਲ ਹੈ ਕਿ ਜੰਮੂ-ਕਸ਼ਮੀਰ ਦੀ ਖੁਦਮੁਖਤਿਆਰੀ ਨੂੰ ਪ੍ਰਗਟਾਉਦੀਆਂ ਆਰਟੀਕਲ 370 ਅਤੇ ਧਾਰਾ 35ਏ ਨੂੰ ਖਤਮ ਕਰਕੇ ਹੁਕਮਰਾਨਾਂ ਨੇ ਕਸ਼ਮੀਰੀਆਂ ਨਾਲ ਬਹੁਤ ਵੱਡੀ ਬੇਇਨਸਾਫ਼ੀ ਕੀਤੀ ਹੈ । ਅਜੇ ਤੱਕ ਇਨ੍ਹਾਂ ਦੀ ਆਈ.ਬੀ, ਰਾਅ, ਮਿਲਟਰੀ ਇੰਨਟੈਲੀਜੈਂਸ, ਕੌਮੀ ਸੁਰੱਖਿਆ ਸਲਾਹਕਾਰ, ਕੈਬਨਿਟ ਸਕੱਤਰ, ਬਾਹਰਲੇ ਮੁਲਕਾਂ ਵਿਚ ਸਫਾਰਤਖਾਨਿਆ ਦੇ ਸਫੀਰ, ਸੀ.ਆਈ.ਐਸ.ਐਫ, ਸੀ.ਆਰ.ਪੀ.ਐਫ, ਆਈ.ਟੀ.ਬੀ.ਪੀ, ਜੰਮੂ-ਕਸਮੀਰ ਤੇ ਪੰਜਾਬ ਦੀ ਸੀ.ਆਈ.ਡੀ ਸਭ ਅਸਫਲ ਹੋ ਚੁੱਕੇ ਹਨ ਜੋ ਕਿ ਪਹਿਲਗਾਮ ਦੇ ਹੋਏ ਦੁਖਾਂਤ ਦੇ ਦੋਸ਼ੀਆਂ ਦੀ ਕੋਈ ਜਾਣਕਾਰੀ ਹੀ ਨਹੀ ਹਾਸਿਲ ਕਰ ਸਕੇ । ਪਰ ਜਦੋ ਇੰਡੀਆ ਦੇ ਗ੍ਰਹਿ ਵਜੀਰ ਸ੍ਰੀ ਅਮਿਤ ਸ਼ਾਹ ਜੰਮੂ-ਕਸਮੀਰ ਦੌਰੇ ਤੇ ਜਾਂਦੇ ਹਨ ਤਾਂ ਕਸਮੀਰੀ ਗੁੱਸੇ ਵਿਚ ਭੜਕ ਉੱਠਦੇ ਹਨ ਅਤੇ ਉਥੋ ਦੇ ਹਾਲਾਤ ਬਦਤਰ ਬਣਨ ਵੱਲ ਵੱਧ ਜਾਂਦੇ ਹਨ । ਇਸ ਲਈ ਗ੍ਰਹਿ ਵਜੀਰ ਸ੍ਰੀ ਸ਼ਾਹ ਨੂੰ ਕੋਈ ਰੋਕ ਤਾਂ ਨਹੀ ਸਕਦਾ ਪਰ ਜੇਕਰ ਕਸਮੀਰ ਦੇ ਗੰਭੀਰ ਹਾਲਾਤਾਂ ਨੂੰ ਮੱਦੇਨਜਰ ਰੱਖਦੇ ਹੋਏ ਉਹ ਉਥੇ ਜਾਣ ਤੋ ਗੁਰੇਜ ਕਰਨ ਤਾਂ ਉਥੋ ਦੇ ਹਾਲਾਤਾਂ ਨੂੰ ਸੁਖਾਵਾਂ ਬਣਾਉਣ ਵਿਚ ਵੱਡੀ ਮਦਦ ਮਿਲ ਸਕੇਗੀ ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਜੇਪੀ-ਆਰ.ਐਸ.ਐਸ ਦੀ ਹਕੂਮਤ ਵੱਲੋ ਜੰਮੂ-ਕਸਮੀਰ ਵਿਚ ਅਪਣਾਈ ਜਾ ਰਹੀ ਜਾਬਰ ਤੇ ਗੈਰ ਜਮਹੂਰੀਅਤ ਅਮਲਾਂ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅਤੇ ਉਥੋ ਦੇ ਹਾਲਾਤਾਂ ਨੂੰ ਸਹੀ ਕਰਨ ਹਿੱਤ ਉਨ੍ਹਾਂ ਦੀ ਖੁਦਮੁਖਤਿਆਰੀ ਨੂੰ ਫਿਰ ਤੋ ਬਹਾਲ ਕਰਕੇ ਅਤੇ ਉਥੇ ਲੱਗੇ ਜਾਬਰ ਕਾਨੂੰਨ ਅਫਸਪਾ ਨੂੰ ਖਤਮ ਕਰਕੇ ਹੀ ਉਥੇ ਬਣਦੇ ਜਾ ਰਹੇ ਵਿਸਫੋਟਕ ਹਾਲਾਤਾਂ ਨੂੰ ਸਹੀ ਕਰਨ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਇਸ ਗੱਲ ਤੇ ਵੀ ਗਹਿਰਾ ਦੁੱਖ ਪ੍ਰਗਟ ਕੀਤਾ ਕਿ 2000 ਵਿਚ ਜੋ ਇੰਡੀਅਨ ਫ਼ੌਜਾਂ ਨੇ ਚਿੱਠੀਸਿੰਘਪੁਰਾ ਵਿਖੇ 43 ਨਿਹੱਥੇ ਅਤੇ ਨਿਰਦੋਸ਼ ਸਿੱਖਾਂ ਨੂੰ ਇਕ ਲਾਇਨ ਵਿਚ ਖੜ੍ਹਾ ਕਰਕੇ ਸ਼ਹੀਦ ਕਰ ਦਿੱਤਾ ਸੀ । ਉਨ੍ਹਾਂ ਦੇ ਕਾਤਲਾਂ ਸੰਬੰਧੀ ਅੱਜ ਤੱਕ ਸਿੱਖ ਕੌਮ ਨੂੰ ਕੋਈ ਜਾਣਕਾਰੀ ਨਹੀ ਦਿੱਤੀ ਗਈ ਅਤੇ ਨਾ ਹੀ ਦੋਸ਼ੀਆਂ ਨੂੰ ਸਾਹਮਣੇ ਲਿਆਉਣ ਦੇ ਅਮਲ ਕੀਤੇ ਗਏ ਹਨ । ਦੂਸਰੇ ਪਾਸੇ ਆਰ.ਐਸ.ਐਸ ਮੁੱਖੀ ਭਗਵਤ ਹਿੰਦੂਆਂ ਦੀ ਏਕਤਾ ਕਰਨ ਦੀ ਦੁਹਾਈ ਦੇ ਰਹੇ ਹਨ ਜਿਸਦਾ ਮਤਲਬ ਹੈ ਕਿ ਦੂਸਰੇ ਵਰਗ ਅਤੇ ਘੱਟ ਗਿਣਤੀ ਕੌਮਾਂ ਇਥੇ ਅਮਨ ਚੈਨ ਤੇ ਜਮਹੂਰੀਅਤ ਢੰਗ ਨਾਲ ਨਹੀ ਰਹਿ ਸਕਣਗੀਆ । ਉਨ੍ਹਾਂ ਕਿਹਾ ਕਿ ਜੰਮੂ ਕਸਮੀਰ ਦੀ ਸਥਿਤੀ ਨੂੰ ਆਮ ਬਣਾਉਣ ਲਈ ਇਹ ਜਰੂਰੀ ਹੈ ਕਿ ਉਥੇ ਲੱਗੇ ਗਵਰਨਰ ਜੋ ਜਾਬਰ ਹਨ, ਉਨ੍ਹਾਂ ਨੂੰ ਹਟਾਕੇ ਉਥੇ ਕਿਸੇ ਸਿੱਖ ਜਰਨੈਲ ਨੂੰ ਇਸ ਅਹੁਦੇ ਤੇ ਬਿਰਾਜਮਾਨ ਕੀਤਾ ਜਾਵੇ । ਕਿਉਂਕਿ ਅਸੀ ਇਹ ਤਾਂ ਨਹੀ ਕਹਿੰਦੇ ਕਿ ਪਹਿਲਗਾਮ ਦੁਖਾਂਤ ਲਈ ਕੌਣ ਜਿੰਮੇਵਾਰ ਹੈ ਲੇਕਿਨ ਜਿਸ ਢੰਗ ਨਾਲ ਬੁਰੀ ਤਰ੍ਹਾਂ ਅਸਫਲ ਹੋਏ ਆਈ.ਬੀ ਦੇ ਮੌਜੂਦਾ ਡਾਈਰੈਕਟਰ ਸ੍ਰੀ ਤਪਨ ਕੁਮਾਰ ਦੇਕਾ ਦੀ ਮਿਆਦ ਵਿਚ ਇਕ ਸਾਲ ਦਾ ਵਾਧਾ ਕੀਤਾ ਗਿਆ ਹੈ, ਉਸ ਤੋ ਤਾਂ ਇਹ ਪ੍ਰਤੱਖ ਹੋ ਜਾਂਦਾ ਹੈ ਕਿ ਪਹਿਲਗਾਮ ਦੁਖਾਂਤ ਉਨ੍ਹਾਂ ਦੀ ਹੀ ਦੇਣ ਹੈ ਇਸੇ ਲਈ ਉਨ੍ਹਾਂ ਨੂੰ ਤਰੱਕੀ ਦਿੱਤੀ ਗਈ ਹੈ ਹੁਕਮਰਾਨਾਂ ਨੇ ਬਿਨ੍ਹਾਂ ਕਿਸੇ ਤੱਥ ਅਤੇ ਸੱਚਾਈ ਤੋਂ ਪਹਿਲਗਾਮ ਦੁਖਾਂਤ ਦਾ ਦੋਸ਼ ਪਾਕਿਸਤਾਨ ਤੇ ਲਗਾਕੇ ਪਾਕਿਸਤਾਨ ਨਾਲ ਜੰਗ ਲਗਾਉਣ ਦੀ ਮਨੁੱਖਤਾ ਵਿਰੋਧੀ ਕਾਰਵਾਈ ਕੀਤੀ ਹੈ । ਜਿਸ ਨਾਲ ਪੰਜਾਬੀਆਂ ਤੇ ਸਿੱਖਾਂ ਦੀ ਜਾਨ ਨੂੰ ਵੱਡਾ ਖਤਰਾ ਖੜ੍ਹਾ ਕਰ ਦਿੱਤਾ ਸੀ । ਜੇਕਰ ਇਨ੍ਹਾਂ ਗੁਆਂਢੀ ਮੁਲਕਾਂ ਵਿਚ ਨਿਊਲਕੀਅਰ ਵਾਰ ਹੁੰਦੀ ਹੈ ਤਾਂ ਤਾਂ ਆਮ ਜਨਤਾ ਤੇ ਪੰਜਾਬ ਨਿਵਾਸੀਆ ਨੂੰ ਬਚਾਉਣ ਲਈ ਇਨ੍ਹਾਂ ਕੋਲ ਕੀ ਯੋਜਨਾ ਹੈ ? ਉਹ ਕਿਥੇ ਸੈਲਟਰ ਲੈਣਗੇ ਉਨ੍ਹਾਂ ਦੀ ਖਾਂਣ-ਪੀਣ, ਰਹਿਣ, ਦਵਾਈਆ ਆਦਿ ਪ੍ਰਦਾਨ ਕਰਨ ਦੀ ਕੀ ਨੀਤੀ ਹੋਵੇਗੀ ਉਸ ਬਾਰੇ ਜਨਤਕ ਤੌਰ ਤੇ ਹੁਕਮਰਾਨਾਂ ਵੱਲੋ ਜਾਣਕਾਰੀ ਦੇਣੀ ਬਣਦੀ ਹੈ । ਜੋ ਕਿ ਜੰਗ ਲੱਗਣ ਤੋ ਪਹਿਲਾ ਗੈਰ ਜਿੰਮੇਵਰਾਨਾਂ ਉਸੇ ਤਰ੍ਹਾਂ ਦੇ ਅਮਲ ਕੀਤੇ ਗਏ ਹਨ ਜਿਸ ਤਰ੍ਹਾਂ ਬਿਨ੍ਹਾਂ ਵਜਹ ਪੰਜਾਬੀਆਂ ਤੇ ਸਿੱਖਾਂ ਨੂੰ ਜੰਗ ਦੇ ਮੂੰਹ ਵਿਚ ਧਕੇਲਣ ਦੇ ਅਮਲ ਕੀਤੇ ਸਨ।

## ਭਾਰਤ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ

# ਅਰਥਵਿਵਸਥਾ ਵਾਲਾ ਦੇਸ਼ ਬਣਨਾ ਵਧਾਈ ਦਾ ਪਾਤਰ: ਪਰਮੀਤ ਚੱਢਾ



ਨਵੀਂ ਦਿੱਲੀ 29 ਮਈ (ਮਨਪ੍ਰੀਤ ਸਿੰਘ ਖਾਲਸਾ):- ਡਾ. ਪਰਮੀਤ ਸਿੰਘ ਚੱਢਾ ਵਰਲਡ ਸਿੱਖ ਚੈਂਬਰ ਆਫ ਕਾਮਰਸ ਦੇ ਗਲੋਬਲ ਚੇਅਰਮੈਨ ਨੇ ਭਾਰਤ ਸਰਕਾਰ ਅਤੇ ਹਰ ਨਾਗਰਿਕ ਨੂੰ ਵਧਾਈ ਦੇਂਦਿਆ ਕਿਹਾ ਕਿ ਭਾਰਤ ਨੇ ਆਧਿਕਾਰਿਕ ਤੌਰ 'ਤੇ ਜਪਾਨ ਨੂੰ ਪਿੱਛੇ ਛੱਡ ਕੇ ਦੁਨੀਆਂ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣਨ ਦਾ ਮਾਣ ਹਾਸਲ ਕੀਤਾ ਹੈ ਤੇ ਇਹ ਇਕ ਇਤਿਹਾਸਕ ਉਪਲਬਧੀ ਹੈ ਜੋ ਇੱਕ ਅਰਬ ਤੋਂ ਵੱਧ ਭਾਰਤੀਆਂ ਦੀ ਤਾਕਤ, ਸੰਘਰਸ਼ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ ਇੱਕ ਅੰਕ ਨਹੀਂ ਹੈ। ਇਹ ਇੱਕ ਰਾਸ਼ਟਰੀ ਜਾਗਰੂਕਤਾ ਹੈ। ਭਾਰਤ ਹੁਣ ਭਵਿੱਖ ਦੀ ਨਹੀਂ, ਸਗੋਂ ਮੌਜੂਦਾ ਦੀ ਅਰਥਵਿਵਸਥਾ ਹੈ । ਉਨ੍ਹਾਂ ਭਾਰਤ ਦੀਆਂ ਤਾਕਤਾਂ ਬਾਰੇ ਜਾਗਰੂਕ ਕਰਦਿਆਂ ਦਸਿਆ ਕਿ ਇਸ ਵਿਚ ਨੌਜਵਾਨ, ਹੁਨਰਮੰਦ ਆਬਾਦੀ, ਯੂਪੀਆਈ, ਆਧਾਰ, ਓਨਡੀਸੀ ਵਰਗੇ ਡਿਜੀਟਲ ਅਤੇ ਫਿਨਟੈਕ ਪਲੇਟਫਾਰਮ, ਉਤਪਾਦਨ ਖੇਤਰ ਵਿੱਚ ਵਾਧਾ ਅਤੇ ਪੀਐਲਆਈ ਆਧਾਰਤ ਨਿਰਯਾਤ ਦੇ ਨਾਲ ਵਧਦਾ ਹੋਇਆ ਅੰਤਰਰਾਸ਼ਟਰੀ ਭਰੋਸਾ ਅਤੇ ਰਾਜਨੀਤਿਕ ਪ੍ਰਭਾਵ ਦੇਸ਼ ਨੂੰ ਵਡੀ ਤਾਕਤ ਬਣਾਂਦਾ ਹੈ । ਉਨ੍ਹਾਂ ਇਸ ਸਮੇਂ ਦੇਸ਼ ਅੰਦਰ ਮੁੱਖ ਚੁਣੌਤੀਆਂ ਨੂੰ ਉਜਾਗਰ ਕਰਦਿਆਂ ਕਿਹਾ ਕਿ ਵੱਡੇ ਪੱਧਰ 'ਤੇ ਰੋਜ਼ਗਾਰ ਅਤੇ ਸਕਿੱਲ ਵਿਕਾਸ, ਬੁਨਿਆਦੀ ਢਾਂਚੇ ਦਾ ਅਧੁਨੀਕੀਕਰਨ ਅਤੇ ਸਮੇਟਣਯੋਗ ਸ਼ਹਿਰੀ ਯੋਜਨਾ, ਪਿੰਡ-ਸ਼ਹਿਰ, ਡਿਜੀਟਲ ਅਤੇ ਧਨ ਦੀ ਅਸਮਾਨਤਾ ਨੂੰ ਘਟਾਉਣ ਦੇ ਨਾਲ ਨਿਯਮਾਂ ਅਤੇ ਟੈਕਸ ਪ੍ਰਣਾਲੀ ਨੂੰ ਹੋਰ ਸੌਖਾ ਬਣਾਉਣ ਦੀ ਸਖ਼ਤ ਜਰੂਰਤ ਹੈ । ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਦੇਸ਼ ਅੰਦਰ ਕਾਰੋਬਾਰੀ ਨਿਯਮਾਂ ਅਤੇ ਟੈਕਸ ਨੀਤੀਆਂ ਨੂੰ ਹੋਰ ਸੌਖਾ ਕਰਨਾ, ਐਫਟੀਏ ਅਤੇ ਵਪਾਰ ਉਤਸ਼ਾਹਨਾ ਨੂੰ ਤੇਜ਼ ਕਰਨਾ, ਲਾਜਿਸਟਿਕਸ, ਢਾਂਚਾ ਅਤੇ ਊਰਜਾ ਪ੍ਰਣਾਲੀਆਂ ਨੂੰ ਮਜ਼ਬੂਤ ਕਰਨਾ, ਸਕਿੱਲ ਡਿਵੈਲਪਮੈਂਟ ਲਈ ਸਰਕਾਰੀ-ਨਿੱਜੀ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ । ਡਾ. ਪਰਮੀਤ ਸਿੰਘ ਚੱਢਾ ਨੇ ਅੰਤ ਵਿੱਚ ਕਿਹਾ ਕਿ ਅਸੀਂ ਆਪਣੇ ਸਾਰੇ ਮੈਂਬਰਾਂ ਅਤੇ ਉਦਯੋਗਿਕ ਉਦਯੋਗਪਤੀਆਂ ਨੂੰ ਅਪੀਲ ਕਰਦੇ ਹਾਂ ਕਿ ਹੁਣ ਸਮਾਂ ਹੈ ਗਲੋਬਲ ਸੋਚਣ ਦਾ, ਭਾਰਤੀ ਬਣਨ ਦਾ। ਆਓ ਇਕੱਠੇ ਨਵੀਨਤਾ ਕਰੀਏ, ਨਿਵੇਸ਼ ਕਰੀਏ ਅਤੇ ਪ੍ਰੇਰਿਤ ਕਰੀਏ। ਆਓ ਅਸੀਂ ਸਾਰੇ ਭਾਰਤ ਦੀ ਸਿਖਰਲੀਆਂ 3 ਗਲੋਬਲ ਅਰਥਵਿਵਸਥਾਵਾਂ ਵਿੱਚ ਅਗਲੀ ਛਾਲ ਦੇ ਰਾਜਦੂਤ ਬਣੀਏ। ਅੱਗੇ ਦੀ ਯਾਤਰਾ ਇਤਿਹਾਸਕ ਹੈ ਅਤੇ ਸਾਨੂੰ ਇਸਨੂੰ ਇਕੱਠੇ ਹੋਕੇ ਚੱਲਣਾ ਚਾਹੀਦਾ ਹੈ।

## ਡੈਂਗੂ ਦੇ ਖਾਤਮੇ ਲਈ

# ਹਰ ਇੱਕ ਦੀ ਸਾਝੀ ਜੁੰਮੇਵਾਰੀ : ਐਸ ਆਈ ਅਸ਼ੋਕ ਕੁਮਾਰ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸਿਵਲ ਸਰਜਨ ਸੰਗਰੂਰ ਡਾਕਟਰ ਸੰਜੇ ਕਾਮਰਾ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਜਿਲਾਂ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾਂ ਜੀ ਅਤੇ ਡਾਕਟਰ ਅਕਾਂਕਸ਼ ਮਹਾਜਨ ਜੀ ਅਤੇ ਐਸ ਐਮ ਓ ਸੁਦੀਪ ਸਿੱਧੂ ਜੀ ਦੀ ਯੋਗ ਅਗਵਾਈ ਅਤੇ ਅਸ਼ੋਕ ਕੁਮਾਰ ਐਸ ਆਈ ਦੀ ਸੁਪਰਵੀਜਨ ਵਿੱਚ ਪਿੰਡ ਬਾਲੀਆਂ, ਕਿਲਾਂ ਹਕੀਮਾਂ, ਲੱਡਾਂ, ਕਾਂਝਲਾ, ਬੇਨੜਾ ਵਿਖੇ ਡ੍ਰਾਈ ਡੇ ਐਕਟੀਵਿਟੀ ਕੀਤੀ ਗਈ। ਜਿਸ ਦੌਰਾਨ ਅਸ਼ੋਕ ਕੁਮਾਰ ਐਸ ਆਈ ਯੂਨੀਵਰਸਿਟੀ ਕਾਲਜ ਬੇਨੜਾ, ਅਕਾਲ ਅਕੈਡਮੀ ਬੇਨੜਾ ਪਬਲਿਕ ਸਕੂਲ ਬੇਨੜਾ, ਸਰਕਾਰੀ ਪ੍ਰਾਇਮਰੀ ਸਕੂਲ ਧੰਦੀਵਾਲ ਵਿਖੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੈਂਗੂ ਇੱਕ ਵਾਇਰਲ ਬੁਖਾਰ ਹੈ ਜੋ ਏਡੀਜ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਇਹ ਮੱਛਰ ਹਮੇਸ਼ਾ ਸਾਫ਼ ਅਤੇ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਇਹ ਮੱਛਰ ਕੂਲਰ ਦੇ ਪਾਣੀ ਵਿੱਚ ਅਤੇ ਫਰਿੱਜਾਂ ਪਿੱਛੇ ਲੱਗੀਆਂ ਟਰੇਆਂ, ਗਮਲਿਆਂ, ਕੰਨਟੇਨਰਾ, ਖੈਲਾ ਛੱਤ ਤੇ ਪਏ ਕਬਾੜ ਟਾਇਰਾਂ ਆਦਿ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਇਸ ਲਈ ਸਾਨੂੰ ਇੱਕ ਹਫਤੇ ਤੋਂ ਪਹਿਲਾਂ ਪਹਿਲਾਂ ਇਹਨਾਂ ਬਰਤਨਾਂ ਵਿਚਲਾ ਪਾਣੀ ਬਦਲ ਦੇਣਾ ਚਾਹੀਦਾ ਹੈ ਅਤੇ ਬਰਤਨਾ ਨੂੰ ਪੂਰੀ ਤਰ੍ਹਾਂ ਸੁੱਕਾ ਕੇ ਫਿਰ ਪਾਣੀ ਪਾਇਆ ਜਾਵੇ ਇਹ ਮੱਛਰ ਸਵੇਰੇ ਸ਼ਾਮ ਕੱਟਦਾ ਹੈ ਇਸ ਲਈ ਸਵੇਰੇ ਸ਼ਾਮ ਪੂਰੇ ਕੱਪੜੇ ਪਹਿਨਣੇ ਚਾਹੀਦੇ ਹਨ ਜੇ ਕਰ ਕਿਸੇ ਵਿਆਕਤੀ ਨੂੰ ਤੇਜ਼ ਸਿਰ ਦਰਦ ਅਤੇ ਤੇਜ਼ ਬੁਖਾਰ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਮਾਸ ਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ, ਜੀ ਕੱਚਾ ਹੋਣਾ ਅਤੇ ਉਲਟੀਆਂ, ਹਾਲਤ ਖ਼ਰਾਬ ਹੋਣ ਤੇ ਨੱਕ, ਮੂੰਹ ਅਤੇ ਮਸੂੜਿਆਂ ਵਿੱਚੋਂ ਖ਼ੂਨ ਵੱਗਣਾ ਆਦਿ ਤਾਂ ਸਾਨੂੰ ਡੈਂਗੂ ਹੋਣ ਦੀਆਂ ਸੰਭਾਨਾਵਾਂ ਹੋ ਸਕਦੀਆਂ ਹਨ ਇਹਨਾਂ ਹਾਲਤਾਂ ਵਿੱਚ ਮਰੀਜ਼ ਨੂੰ ਵੱਧ ਤੋਂ ਵੱਧ ਤਰਲ ਪਦਾਰਥ ਦੇਣੇ ਚਾਹੀਦੇ ਹਨ ਅਤੇ ਮਰੀਜ਼ ਨੂੰ ਵੱਧ ਤੋਂ ਵੱਧ ਆਰਾਮ ਕਰਨਾ ਚਾਹੀਦਾ ਹੈ ਅਤੇ ਮਰੀਜ ਦੇ ਖਾਣਾ ਹਲਕਾ ਦੇਣਾ ਚਾਹੀਦਾ ਹੈ ਜੇ ਕਰ ਮਰੀਜ਼ ਦੀ ਹਾਲਤ ਖ਼ਰਾਬ ਲੱਗੇ ਤਾਂ ਮਰੀਜ਼ ਨੂੰ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੁੰਦਾ ਹੈ ।ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੈਗੂ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ । ਟੀਮ ਮੈਂਬਰ ਹਰਜੀਤ ਸਿੰਘ, ਅਮਰੀਕ ਸਿੰਘ , ਗੁਰਵਿੰਦਰ ਸਿੰਘ, ਜਸਵਿੰਦਰ ਸਿੰਘ, ਗੁਰਪ੍ਰੀਤ ਸਿੰਘ ਮ,ਪ,ਹ,ਵ (ਮ) ਹਾਜ਼ਰ ਸਨ।

## ਗੁਰੂ ਅਰਜਨ ਦੇਵ ਜੀ ਦੇ 419ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਵੌਂਦਰੁਏ, ਡੋਰੀਓਣ ਕੈਨੇਡਾ ਵਿਖ਼ੇ 2 ਰੋਜ਼ਾ ਧਾਰਮਿਕ ਸਮਾਗਮ ਸੱਜਣਗੇ




**ਨਵੀਂ ਦਿੱਲੀ 29 ਮਈ (ਮਨਪ੍ਰੀਤ ਸਿੰਘ ਖਾਲਸਾ)**:- ਸਿੱਖ ਪੰਥ ਦੇ ਪੰਜਵੇ ਗੁਰੂ ਧੰਨ ਗੁਰੂ ਅਰਜਨ ਦੇਵ ਜੀ ਦੇ 419ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਵੌਂਦਰੁਏ, ਡੋਰੀਓਣ ਵਿਖ਼ੇ 2 ਰੋਜ਼ਾ ਧਾਰਮਿਕ ਸਮਾਗਮ 31 ਮਈ ਦਿਨ ਸ਼ਨੀਵਾਰ ਅਤੇ 1 ਜੂਨ ਦਿਨ ਐਤਵਾਰ ਨੂੰ ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ ।29 ਮਈ 2025 ਦਿਨ ਵੀਰਵਾਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 31 ਮਈ 2025 ਦਿਨ ਸ਼ਨੀਵਾਰ ਨੂੰ ਭੋਗ ਪਾਏ ਜਾਣਗੇ । ਇਸ ਮੌਕੇ ਬਹੁਤ ਹੀ ਸਤਿਕਾਰ ਯੋਗ ਰਾਗੀ ਭਾਈ ਬੂਟਾ ਸਿੰਘ ਜੀ, ਕਥਾਵਾਚਕ ਭਾਈ ਇੰਦਰਜੀਤ ਸਿੰਘ ਚੰਡੀਗੜ੍ਹ ਵਾਲਿਆਂ ਤੋਂ ਇਲਾਵਾ ਹੋਰ ਵੀ ਵੱਖ ਵੱਖ ਧਾਰਮਿਕ ਬੁਲਾਰੇ ਹਾਜ਼ਰੀ ਭਰਨਗੇ ਜੀ । ਇਸ ਮੌਕੇ ਭਾਈ ਲਖਬੀਰ ਸਿੰਘ ਜੀ ਨੇ ਦਸਿਆ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ 'ਅਦੁੱਤੀ ਸ਼ਹਾਦਤ' ਹੈ ਜੋ ਕਿਸੇ ਮਹਾਨ ਆਦਰਸ਼ ਲਈ ਦਿੱਤੀ ਗਈ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖ ਇਤਿਹਾਸ ਦੇ ਪਹਿਲੇ ਲਾਸਾਨੀ ਸ਼ਹੀਦ ਹਨ ਜਿਨ੍ਹਾਂ ਨੇ ਸ਼ਾਂਤਮਈ ਰਹਿੰਦਿਆਂ ਹੋਇਆਂ ਧਰਮ, ਸੱਚ ਤੇ ਮਨੁੱਖਤਾ ਦੀ ਭਲਾਈ ਹਿਤ ਮਹਾਨ ਕੁਰਬਾਨੀ ਦਿੱਤੀ। ਪੰਚਮ ਪਾਤਸ਼ਾਹ ਨੇ "ਆਪਣੀ ਸ਼ਹਾਦਤ ਦੇ ਕੇ 'ਗੁਰ ਸੰਗਤ' ਅਤੇ 'ਬਾਣੀ' ਦੇ ਆਸਰੇ ਖੜ੍ਹੇ ਸਿੱਖੀ ਮਹਿਲ ਨੂੰ ਮਜ਼ਬੂਤ ਕੀਤਾ ਤੇ ਦੁਨੀਆਂ ਨੂੰ ਜਿੱਥੇ ਜੀਵਨ ਜਿਊਣ ਦੀ ਜਾਚ ਦੱਸੀ ਉੱਥੇ ਮਰਨ ਦਾ ਵਲ਼ ਵੀ ਸਿਖਾਇਆ।" ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਐਸੀ ਮਰਨੀ' ਸੰਬੰਧੀ ਸੁਝਾਏ ਗੁੱਝੇ ਭਾਵ ਨੂੰ ਆਪਣੀ ਸ਼ਹੀਦੀ ਦੁਆਰਾ ਸਾਕਾਰ ਕਰ ਕੇ ਵਿਖਾ ਦਿੱਤਾ।

## ਖਾਲਸਾ ਕਾਲਜ ਅਤੇ ਕਾਲਜੀਏਟ ਸਕੂਲ ਮਹਿਤਾ ਵਿਖੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ



**ਚੌਕ ਮਹਿਤਾ, 29 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿਡਰਾਂਵਾਲ਼ਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਕਾਲਜ ਅਤੇ ਕਾਲਜੀਏਟ ਸਕੂਲ ਮਹਿਤਾ ਵਿਖੇ ਪੰਜਵੀਂ ਪਾਤਸ਼ਾਹੀ ਸ਼ਹੀਦਾਂ ਦੇ ਸਰਤਾਜ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਪਾਵਨ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਜਿਸ ਮੌਕੇ ਵਿਦਿਆਰਥੀਆਂ ਨੇ ਪਾਤਸ਼ਾਹ ਦੇ ਜੀਵਨ ਨੂੰ ਕਵਿਤਾਵਾਂ, ਸ਼ਬਦ, ਭਾਸ਼ਣ ਅਤੇ ਪੋਸਟਰ ਆਦਿ ਦੁਆਰਾ ਪੇਸ਼ ਕੀਤਾ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਸ.ਗੁਰਦੀਪ ਸਿੰਘ ਜਲਾਲ ਉਸਮਾ ਨੇ ਗੁਰੂ ਸਾਹਿਬ ਜੀ ਦੇ ਜੀਵਨ ਨੂੰ ਵਿਦਿਆਰਥੀਆਂ ਨਾਲ ਸਾਂਝਾ ਕਰਦਿਆਂ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਬੀਬੀ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਸਾਹਿਬ (ਪੰਜਾਬ) ਵਿਖੇ 1563 ਈਸਵੀ ਨੂੰ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ। ਇਸ ਤੋਂ ਇਲਾਵਾ ਉਹਨਾਂ ਨੇ ਗੁਰੂ ਸਾਹਿਬ ਦੁਆਰਾ ਰਚਿਤ ਬਾਣੀ , ਸੱਚਖੰਡ ਹਰਮੰਦਿਰ ਸਾਹਿਬ ਦੀ ਸਥਾਪਨਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ, ਦਸਵੰਧ ਪ੍ਰਥਾ ਆਦਿ ,ਦਾ ਵਰਣਨ ਕੀਤਾ ।ਗੁਰੂ ਸਾਹਿਬ ਸਿੱਖਾਂ ਦੇ ਪਹਿਲੇ ਸ਼ਹੀਦ ਗੁਰੂ ਹੋਏ ਹਨ, ਜਿੰਨਾ ਨੂੰ ਸ਼ਹੀਦੀ ਸਮੇਂ ਤੱਤੀ ਤਵੀ ਤੇ ਬਿਠਾਇਆ ਗਿਆ ।ਗੁਰੂ ਸਾਹਿਬ ਦੀ ਸ਼ਹਾਦਤ ਸਮੂਹ ਸਿੱਖ ਕੌਮ ਨੂੰ ਸਿਦਕ, ਨਿਡਰਤਾ, ਅਤੇ ਧਰਮ ਵਿੱਚ ਪੱਕੇ ਰਹਿਣ ਦਾ ਸਬਕ ਸਿਖਾਉਂਦੀ ਹੈ। ਇਸ ਮੌਕੇ ਤੇ ਮੈਡਮ ਕੁਲਦੀਪ ਕੌਰ, ਸੁਖਦੇਵ ਸਿੰਘ, ਮਨਜੀਤ ਕੌਰ, ਗੁਰਵਿੰਦਰ ਕੌਰ, ਸੁਪ੍ਰੀਤ ਕੌਰ, ਅਤੇ ਸਮੂਹ ਸੰਗਤਾਂ ਨੇ ਗੁਰੂ ਜੀ ਦੀ ਸ਼ਹਾਦਤ ਨੂੰ ਯਾਦ ਕੀਤਾ।

## ਬੱਸ ਉਪਰੇਟਰਾਂ ਨੇ ਬਲਵਿੰਦਰ ਸਿੰਘ ਦਾ ਕੀਤਾ ਸਨਮਾਨ



ਧੂਰੀ ( ਰਣਜੀਤ ਸਿੰਘ ਪੇਧਨੀ )-ਮਿੰਨੀ ਬੱਸ ਆਪਰੇਟਰ ਸੰਗਰੂਰ ਵੱਲੋਂ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਬਸ ਆਪਰੇਟਰ ਤਰਨਜੀਤ ਸਿੰਘ ਤਰਨੀ ਕਾਂਝਲੀ ਸੁਰਜੀਤ ਸਿੰਘ ਅੱਡਾ ਇੰਚਾਰਜ ਨੇ ਟਰੈਫਿਕ ਪੁਲਿਸ ਦੇ ਬਲਵਿੰਦਰ ਸਿੰਘ ਏਐਸਆਈ ਵੱਲੋਂ ਜਿੱਥੇ ਸਮਾਜ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ, ਉੱਥੇ ਡਰਾਈਵਰਾਂ ਕੰਡਕਟਰਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਵੀ ਜਾਗਰੂਕ ਕੀਤਾ ਗਿਆ। ਇਸ ਮੌਕੇ ਰਘਬੀਰ ਸਿੰਘ, ਮੱਖਣ ਸਿੰਘ, ਜੱਗੀ ਸਿੰਘ, ਰਾਜੂ ਸਿੰਘ, ਕਾਕਾ ਸਿੰਘ, ਗੁਰਦੀਪ ਸਿੰਘ, ਮਨਜੀਤ ਸਿੰਘ ਚੰਗਾਲ, ਮੇਘ ਸਿੰਘ, ਕਾਲਾ ਸਿੰਘ, ਕਸ਼ਮੀਰ ਸਿੰਘ ਹੁਰਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

# ਸੂਬਾ ਤੇ ਕੇਂਦਰ ਸਰਕਾਰ ਮਿੱਥ ਕੇ ਪੰਥ ਤੇ ਪੰਜਾਬ ਨਾਲ ਕਰ ਰਹੇ ਨੇ ਅਨਿਆਂ





ਫ਼ਿਰੋਜ਼ਪੁਰ, 29 ਮਈ (ਮਨੋਹਰ ਲਾਲ) :— 30—32 ਸਾਲਾਂ ਤੋਂ ਜੇਲਾਂ ਵਿਚ ਆਪਣੀਆਂ ਬਨਦੀਆਂ ਸਜਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਕੇ ਭਾਰਤੀ ਸਟੇਟ ਸਿੱਖਾਂ ਨੂੰ ਜ਼ਲੀਲ ਕਰ ਰਹੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਜੂਨ 2015 ਤੋਂ ਅੱਜ ਤੱਕ 400 ਵਾਰ ਹੋ ਚੁੱਕੀਆਂ ਬੇਅਦਬੀਆਂ ਦਾ ਇਨਸਾਫ਼ ਨਾ ਦੇ ਕੇ ਸਰਕਾਰ ਸਿੱਖੀ ਦੀ ਵਿਚਾਰਧਾਰਾ ਨੂੰ ਖੁੰਡਾ ਕਰਨਾ ਚਾਹੁੰਦੀ ਹੈ। ਸਿੱਖੀ ਸੋਚ ਮੌਜੂਦਾ ਸਰਕਾਰਾਂ ਨੂੰ ਰਾਸ ਨਹੀਂ ਆਉਂਦੀ ਕਿਉਂਕ ਫਿਰਕਾਪ੍ਰਸਤ ਅਤੇ ਲੁੱਟ ਦੇ ਰਾਜ ਨਾਲ ਪੰਜਾਬੀਆਂ ਅਤੇ ਖਾਸ ਕਰ ਸਿੱਖਾਂ ਦਾ ਵਿਰੋਧ ਰਿਹਾ ਹੈ। ਹਕੂਮਤਾਂ ਦਾ ਸਿੱਖੀ ਲਹਿਰ ਨਾਲ ਆਦਿ ਕਾਲ ਤੋਂ ਟਕਰਾਅ ਰਿਹਾ ਹੈ ਜਿਹੜਾ ਅੱਜ ਵੀ ਜਾਰੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੌਮੀ ਇਨਸਾਫ਼ ਮੋਰਚੇ ਦੇ ਮੈਂਬਰ ਬਲਵਿੰਦਰ ਸਿੰਘ ਵਲੋਂ ਅੱਜ ਦੇਸ਼ ਦੇ ਰਾਸ਼ਟਰਪਤੀ ਅਤੇ ਸੂਬੇ ਦੇ ਗਵਰਨਰ ਨੂੰ ਮੋਰਚੇ ਵਲੋਂ ਚੇਤਾਵਨੀ ਪੱਤਰ ਦੇਣ ਮੌਕੇ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਭਰ ਵਿੱਚ ਸਭ ਡਿਵੀਜ਼ਨਾਂ ਵਿੱਚ ਇਹ ਮੈਮੋਰੰਡਮ ਸਬ ਡਿਵੀਜ਼ਨਲ ਮਜਿਸਟਰੇਟ ਰਾਹੀਂ ਭੇਜੇ ਗਏ ਹਨ। ਉਨ੍ਹਾਂ ਕਿਹਾ ਕਿ ਇਹ ਇਨਸਾਫ ਮਾਰਚ ਅਤੇ ਮੰਗ ਪੱਤਰ ਦੇਣ ਸਮੇਂ ਕਿਸਾਨ ਮਜ਼ਦੂਰ ਮੁਲਾਜ਼ਮ ਜਥੇਬੰਦੀਆਂ ਅਤੇ ਵੱਖ—ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਹਾਜ਼ਰ ਸਨ। ਕਿਸਾਨ ਤੇ ਸਿੱਖ ਆਗੂ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਸਾਰੇ ਧਾਰਮਿਕ ਗ੍ਰੰਥਾਂ ਦੀ ਰਾਖੀ ਲਈ ਵਿਧਾਨ ਸਭਾ ਵਲੋਂ ਪਾਸ ਕੀਤਾ ਗਿਆ ਸਖ਼ਤ ਕਨੂੰਨ ਨਾ ਬਣਾਉਣਾ ਇਹ ਸਾਫ ਕਰਦਾ ਹੈ ਕਿ ਧਰਮਾਂ ਦੇ ਨਾਂ ਲੜਾਈ ਨੂੰ ਜਾਰੀ ਰਖਣਾ ਸਰਕਾਰੀ ਨੀਤੀ ਦਾ ਹੀ ਇਕ ਹਿੱਸਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਦੇਸ਼ ਵਾਸੀਆਂ ਨੂੰ ਉਨ੍ਹਾਂ ਦੇ ਬਣਦੇ ਹੱਕ ਨਾ ਦੇ ਕੇ ਸਿਰਫ ਧਰਮਾਂ, ਜਾਤਾਂ ਅਤੇ ਵਰਗਾਂ ਦੀ ਆਪਸੀ ਫੁੱਟ ਅਤੇ ਅਰਾਜਕਤਾ ਨਾਲ ਹੀ ਰਾਜ ਕਰਨ ਦਾ ਯਤਨ ਕਰ ਰਹੀ ਹੈ। ਸਾਰੀਆਂ ਰਾਜਸੀ ਪਾਰਟੀਆਂ ਇਕੋ ਰਾਹ ਚਲ ਰਹੀਆਂ ਹਨ ਅਤੇ ਦੇਸ਼ ਦੇ ਚੰਦ ਕਾਰਪੋਰੇਟ ਘਰਾਣਿਆਂ ਅਤੇ ਰਾਜ ਕਰਨ ਵਾਲੇ ਸਰਮਾਏਦਾਰ ਲੋਕਾਂ ਦੀ ਮਿਲੀਭੁਗਤ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਰਕਾਰ ਦੀਆਂ ਨੀਤੀਆਂ ਨੂੰ ਸਮਝਣਾ ਪਵੇਗਾ ਅਤੇ ਦਮਨ ਤੇ ਲੁੱਟ ਨੂੰ ਰੋਕਣ ਲਈ ਹੱਕ, ਸੱਚ ਅਤੇ ਇਨਸਾਫ ਦੀ ਲੜਾਈ ਮਿਲ ਕੇ ਲੜਨੀ ਪਵੇਗੀ, ਪੰਜਾਬ ਵਿੱਚ ਹੋ ਰਹੇ ਅੱਜ ਦੇ ਇਹ ਪ੍ਰੋਗਰਾਮ ਇਸਦੀ ਸ਼ੁਰੂਆਤ ਹਨ। ਚੇਤਾਵਨੀ ਪਤਰ ਦੇਣ ਤੋਂ ਪਹਿਲਾਂ ਜਥੇਬੰਦੀ ਦੇ ਆਗੂਆਂ ਵੱਲੋਂ ਖਾਲਸਾ ਗੁਰਦੁਆਰਾ ਸਾਹਿਬ ਤੋਂ ਡੀ.ਸੀ ਦਫ਼ਤਰ ਫਿਰੋਜ਼ਪੁਰ ਤਕ ਚੇਤਨਾ ਮਾਰਚ ਵੀ ਕੀਤਾ ਗਿਆ। ਇਸ ਮੌਕੇ ਨਿਰਵੈਰ ਖਾਲਸਾ ਕਵੀਸ਼ਰੀ ਜੱਥਾ, ਬਾਬਾ ਸਤਨਾਮ ਸਿੰਘ ਬਲੀਆਂ ਪ੍ਰਧਾਨ ਧਾਰਮਿਕ ਵਿੰਗ ਇੰਟਰਨੈਸ਼ਨਲ ਪੰਥਕ ਦਲ, ਅਵਤਾਰ ਸਿੰਘ ਮਹਿਮਾ, ਦਿਲਬਾਗ ਸਿੰਘ ਸੁਰ ਸਿੰਘ ਵਾਲਾ, ਗੁਰਜਜ ਸਿੰਘ ਸਾਂਦੇ ਹਾਸ਼ਮ, ਓਮ ਪ੍ਰਕਾਸ਼ ਲਖਾ (ਕੇ.ਕਿ.ਯੂ.) ਭਾਈ ਲਖਵੀਰ ਸਿੰਘ ਪੰਜਾਬ ਪ੍ਰਧਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ, ਗੁਰਵਿੰਦਰ ਸਿੰਘ ਮੋਹਕਮ ਵਾਲਾ, ਸੁਖਮੰਦਰ ਸਿੰਘ ਮਿਸ਼ਰੀ ਵਾਲਾ, ਕੁਲਵਿੰਦਰ ਸਿੰਘ (ਕਿਸਾਨ ਆਗੂ ਤੋਤੇਵਾਲ), ਬੂਟਾ ਸਿੰਘ ਸੰਗਤ ਪੁਰਾ, ਮਲਕੀਤ ਸਿੰਘ ਪੰਜਾਬ ਪ੍ਰਧਾਨ ਕਿਸਾਨ ਮਜ਼ਦੂਰ ਮੋਰਚਾ, ਜਸਪਾਲ ਸਿੰਘ ਸਾਬਕਾ ਡੀ.ਐਸ.ਪੀ ਮੁਲਾਜ਼ਮ ਆਗੂ, ਜੋਗਿੰਦਰ ਸਿੰਘ ਪ੍ਰਧਾਨ, ਸੋਹਣ ਸਿੰਘ ਜਨਰਲ ਸਕੱਤਰ ਮਜ਼ਦੂਰ ਸੁਸਾਇਟੀ ਫਿਰੋਜ਼ਪੁਰ, ਕੁਲਦੀਪ ਸਿੰਘ, ਅਮਰਜੀਤ ਕੌਰ, ਮਨਜੀਤ ਕੌਰ, ਬੱਗਾ ਸਿੰਘ ਪ੍ਰਧਾਨ ਮਜ਼ਦੂਰ ਵੈਲਫੇਅਰ ਜਥੇਬੰਦੀ, ਡਾ ਰੂਪ ਸਿੰਘ, ਗੁਰਬਚਨ ਲਾਲ, ਜਸਬੀਰ ਸਿੰਘ ਤੇ ਸੁਖਦੇਵ ਸਿੰਘ ਪਿਆਰੇਆਣਾ ਹਾਜਰ ਸਨ।

### ਟੀ.ਬੀ.ਐਸ. ਇੰਟਰਨੈਸ਼ਨਲ ਸਕੂਲ 'ਚ ਜੇਨੇਸਿਸ ਡੈਂਟਲ ਕਾਲਜ ਵੱਲੋਂ

# ਡੈਂਟਲ ਚੈਕਅੱਪ ਕੈਂਪ ਲਗਾਇਆ

ਫ਼ਿਰੋਜ਼ਪੁਰ, 29 ਮਈ (ਮਨੋਹਰ ਲਾਲ) :— ਮੋਗਾ ਰੋਡ ਤੇ ਸਥਿਤ ਟੀ.ਬੀ.ਐਸ. ਇੰਟਰਨੈਸ਼ਨਲ ਸਕੂਲ ਵਿੱਚ ਜੇਨੇਸਿਸ ਡੈਂਟਲ ਕਾਲਜ ਵੱਲੋਂ ਇੱਕ ਡੈਂਟਲ ਚੈਕਅੱਪ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਕਾਲਜ ਦੇ ਮਾਹਰ ਡਾਕਟਰਾਂ ਡਾ: ਅਰੁਣ ਅਤੇ ਡਾ: ਰਾਹੁਲ ਯਾਦਵ ਨੇ ਸਕੂਲ ਦੇ ਬੱਚਿਆਂ ਦੇ ਦੰਦਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਮੂੰਹ ਦੀ ਸਫਾਈ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਡਾਕਟਰਾਂ ਨੇ ਬੱਚਿਆਂ ਨੂੰ ਦੰਦਾਂ ਦੀ ਨਿਯਮਤ ਸਫਾਈ ਦਿਨ ਵਿੱਚ ਦੋ ਵਾਰੀ ਬਰਸ਼ ਕਰਨ ਅਤੇ ਵੱਧ ਮਿੱਠੇ ਪਦਾਰਥਾਂ ਦੇ ਸੇਵਨ ਤੋਂ ਬਚਣ ਦੀ ਸਲਾਹ ਦਿੱਤੀ। ਸਕੂਲ ਦੀ ਐਮ.ਡੀ. ਦੀਪਾਲੀ ਸ਼ਰਮਾ ਨੇ ਕੈਂਪ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਨ੍ਹਾਂ ਤਰ੍ਹਾਂ ਦੇ ਸਿਹਤ ਸੰਬੰਧੀ ਜਾਗਰੂਕਤਾ ਪ੍ਰੋਗਰਾਮ ਬੱਚਿਆਂ ਦੇ ਸਮੂਹ ਵਿਕਾਸ ਲਈ ਬਹੁਤ ਜ਼ਰੂਰੀ ਹਨ।ਉਨ੍ਹਾਂ ਨੇ ਜੇਨੇਸਿਸ ਡੈਂਟਲ ਕਾਲਜ ਦੀ ਟੀਮ ਦਾ ਧੰਨਵਾਦ ਕੀਤਾ ਅਤੇ ਸਕੂਲ ਵੱਲੋਂ ਸਾਰੇ ਡਾਕਟਰਾਂ ਨੂੰ ਸਨਮਾਨਤ ਕੀਤਾ ਗਿਆ।ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਵੀ ਡਾਕਟਰਾਂ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਸਮੇਂ—ਸਮੇਂ ਤੇ ਸਿਹਤ ਜਾਂਚ ਕਰਵਾਉਣ ਲਈ ਪ੍ਰੇਰਿਤ ਕੀਤਾ। ਕੈਂਪ ਦੇ ਸਫਲ ਆਯੋਜਨ ਵਿੱਚ ਕਾਲਜ ਦੇ ਪੀ.ਆਰ.ਓ. ਰਣਜੀਤ ਸਿੰਘ ਅਤੇ ਮਨਜੀਤ ਸਿੰਘ ਦਾ ਖ਼ਾਸ ਯੋਗਦਾਨ ਰਿਹਾ।



# ਪ੍ਰਕਾਸ਼ ਦਿਹਾੜਾ ਤੇ ਸ਼ਹੀਦੀ ਦਿਹਾੜਾ ਇਕੋ ਦਿਨ ਆਉਣ ਕਰਕੇ ਸੰਗਤਾਂ ਵਿਚ ਭਾਰੀ ਦੁਬਿਧਾ

## ਸ਼੍ਰੋਮਣੀ ਕਮੇਟੀ ਤੇ ਬੁੱਧੀਜੀਵੀ ਇਸ ਦਾ ਫੌਰੀ ਹੱਲ ਕੱਢਣ—ਫੈਡਰੇਸ਼ਨ ਮਹਿਤਾ



ਫ਼ਿਰੋਜ਼ਪੁਰ, 29 ਮਈ (ਮਨੋਹਰ ਲਾਲ) :— ਇਸ ਸਾਲ ਦੇ ਅੰਤ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਇਕੋ ਦਿਨ 27 ਦਸੰਬਰ 2025 ਨੂੰ ਨਾਨਕਸ਼ਾਹੀ ਕਲੰਡਰ ਅਨੁਸਾਰ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਐਲਾਨਿਆ ਗਿਆ ਹੈ, ਇਸ ਨੂੰ ਵੇਖ ਕੇ ਸੰਗਤਾਂ ਵਿਚ ਭਾਰੀ ਦੁਬਿਧਾ ਦਾ ਮਾਹੌਲ ਵੇਖਣ ਨੂੰ ਮਿਲ ਰਿਹਾ ਹੈ ਅਤੇ ਸੰਗਤਾਂ ਇਸ ਬਾਰੇ ਆਪੋ—ਆਪਣੀ ਪ੍ਰਤਿਕ੍ਰਿਆ ਪੇਸ਼ ਕਰ ਰਹੀਆਂ ਹਨ। ਇਸ ਸਬੰਧੀ ਅੱਜ ਵਿਸ਼ੇਸ਼ ਤੌਰ ਤੇ ਪੰਥ ਦੀ ਸਿਰਮੌਰ ਸਿੱਖ ਜਥੇਬੰਦੀ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਆਗੂਆਂ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ, ਮੀਤ ਪ੍ਰਧਾਨ ਭਾਈ ਸੁਖਦੇਵ ਸਿੰਘ ਲਾਡਾ, ਜ਼ਿਲ੍ਹਾ ਪ੍ਰਧਾਨ ਸ਼ਹਿਰੀ ਡਾ: ਗੁਰਮੀਤ ਸਿੰਘ, ਜ਼ਿਲ੍ਹਾ ਪ੍ਰਧਾਨ ਦਿਹਾਤੀ ਜ਼ਸਬੀਰ ਸਿੰਘ ਤੇਗਾ ਸਿੰਘ ਵਾਲਾ ਤੇ ਸਾਥੀਆਂ ਨੇ ਕਿਹਾ ਕਿ ਜੋ ਸੰਗਤਾਂ ਵਿਚ ਇਸ ਮਸਲੇ ਨੂੰ ਲੈ ਕੇ ਦੁਬਿਧਾ ਦਾ ਮਾਹੌਲ ਬਣਿਆ ਹੈ, ਸੰਗਤਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਸ਼੍ਰੋਮਣੀ ਗੁਰਦੁਆਰਾ ਕਮੇਟੀ, ਧਰਮ ਪ੍ਰਚਾਰ ਕਮੇਟੀ ਅਤੇ ਬੁੱਧੀਜੀਵੀ ਤੇ ਵਿਦਵਾਨ ਕੋਈ ਸਾਂਝਾ ਫੈਸਲਾ ਲੈ ਕੇ ਕੌਮ ਨੂੰ ਇਸ ਦੁਬਿਧਾ ਵਿਚੋਂ ਕੱਢਣ ਦਾ ਯਤਨ ਕਰਨ। ਉਕਤ ਆਗੂਆਂ ਨੇ ਇਹ ਵੀ ਸਲਾਹ ਦਿੱਤੀ ਕਿ ਸ਼ਹੀਦੀ ਦਿਹਾੜੇ ਦੀ ਤਰੀਕ ਤਾਂ ਪੱਕੀ 27 ਦਸੰਬਰ ਹੁੰਦੀ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਤਰੀਕ ਇਨ੍ਹਾਂ ਸ਼ਹੀਦੀ ਦਿਹਾੜਿਆਂ ਵਿਚ ਕਦੇ ਵੀ ਨਹੀਂ ਆਈ। ਸੋ ਹੁਣ ਵੀ ਇਸ ਮਸਲੇ ਤੇ ਵਿਚਾਰ ਕਰਕੇ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਦੀ ਤਰੀਕ ਬਦਲੀ ਜਾਵੇ ਤਾਂ ਕਿ ਸੰਗਤਾਂ ਵਿਚ ਜੋ ਅਨਿਸਚਤਾ ਦਾ ਮਾਹੌਲ ਬਣਿਆ ਹੈ, ਉਹ ਦੂਰ ਹੋ ਸਕੇ ਅਤੇ ਸੰਗਤਾਂ ਖੁਸ਼ੀ ਅਤੇ ਗਮੀ ਦੇ ਦਿਹਾੜੇ ਵੱਖਰੇ—ਵੱਖਰੇ ਆਪਣੀ ਸ਼ਰਧਾ ਅਨੁਸਾਰ ਮਨਾ ਸਕਣ। ਇਸ ਸਮੇਂ ਉਕਤ ਆਗੂਆਂ ਨਾਲ ਗੁਰਦਰਸ਼ਨ ਸਿੰਘ ਬੱਬੀ, ਕੁਲਦੀਪ ਸਿੰਘ ਨੰਢਾ ਸ਼ਹਿਰੀ ਪ੍ਰਧਾਨ, ਹਰਜਿੰਦਰ ਸਿੰਘ ਬੱਗਾ, ਜ਼ਸਬੀਰ ਸਿੰਘ ਜੱਸ, ਨਿਰਮਲ ਸਿੰਘ ਭੋਲਾ, ਗੁਰਚਰਨ ਸਿੰਘ, ਗੁਰਮੇਲ ਸਿੰਘ ਭੇਡੀਆ, ਮਿਹਰ ਸਿੰਘ, ਕਿਰਨਦੀਪ ਸਿੰਘ ਪੱਲਾ, ਸੁਰਜੀਤ ਸਿੰਘ ਸੰਧੂ ਆਦਿ ਹਾਜ਼ਰ ਸਨ।

## ਕੇ.ਐਸ.ਐਸ. ਸਟੂਡੀਓ ਦੀ ਨਵੀਂ ਵੈਬ ਸੀਰੀਜ਼ ਸਬਰ-ਇੱਕ ਧੀ ਦਾ ਪੋਸਟਰ ਜਾਰੀ, 20 ਜੂਨ ਨੂੰ ਹੋਵੇਗੀ ਪ੍ਰੀਮੀਅਰ



**ਫ਼ਿਰੋਜ਼ਪੁਰ, 29 ਮਈ (ਮਨੋਹਰ ਲਾਲ) :—** ਕੇ.ਐਸ.ਐਸ. ਸਟੂਡੀਓ ਵੱਲੋਂ ਤਿਆਰ ਕੀਤੀ ਨਵੀਂ ਪੰਜਾਬੀ ਵੈਬ ਸੀਰੀਜ਼ ਸਬਰ - ਇੱਕ ਧੀ ਦਾ, ਦਾ ਪੋਸਟਰ ਅਧਿਕਾਰਿਤ ਤੌਰ ਤੇ ਜਾਰੀ ਕਰ ਦਿੱਤਾ ਗਿਆ ਹੈ। ਇਹ ਵੈੱਬ ਸੀਰੀਜ਼ 20 ਜੂਨ 2025 ਨੂੰ ਕੇ.ਐਸ.ਐਸ. ਸਟੂਡੀਓ ਦੇ ਯੂਟਿਊਬ ਚੈਨਲ ਤੇ ਰਿਲੀਜ਼ ਕੀਤੀ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਕਹਾਣੀ ਇੱਕ ਧੀ ਦੇ ਸੰਘਰਸ਼, ਧੈਰਜ ਅਤੇ ਸਹਿਨਸ਼ੀਲਤਾ ਨੂੰ ਦਰਸਾਉਂਦੀ ਹੈ, ਜੋ ਸਮਾਜ ਦੇ ਵੱਖ—ਵੱਖ ਪਹਿਲੂਆਂ ਨੂੰ ਛੂਹਦੀ ਹੈ ਅਤੇ ਇੱਕ ਪ੍ਰਭਾਵਸ਼ਾਲੀ ਸੁਨੇਹਾ ਦਿੰਦੀ ਹੈ। ਇਹ ਵੈੱਬ ਸੀਰੀਜ਼ ਦਰਸ਼ਕਾਂ ਨੂੰ ਭਾਵਨਾਤਮਕ ਤੌਰ ਤੇ ਜੋੜੇਗੀ ਅਤੇ ਉਨ੍ਹਾਂ ਨੂੰ ਸੋਚਣ ਲਈ ਮਜਬੂਰ ਵੀ ਕਰੇਗੀ। ਇਸ ਵੈੱਬ ਸੀਰੀਜ਼ ਵਿੱਚ ਕਈ ਮਸ਼ਹੂਰ ਤੇ ਹੋਣਹਾਰ ਕਲਾਕਾਰ ਸ਼ਾਮਿਲ ਹਨ, ਜਿਵੇਂ ਕਿਡੀ.ਓ.ਪੀ. ਅਤੇ ਅਡੀਟਰ ਵਾਈਡ ਪ੍ਰੋਡਕਸ਼ਨ, ਸੈਪੀਲ਼ਸੀਨ, ਸੁਖਮੰਦਰ ਸਿੰਘ, ਰਣਜੀਤ ਹਰਮਨ, ਗੁਰਦਾਸ ਭੁੱਲਰ, ਆਨੰਦ ਢਿੱਲੋਂ, ਸੁਖ ਔਲਖ, ਪਿੰਸ ਭੁੱਲਰ, ਲਖਵਿੰਦਰ ਸਿੰਘ, ਅਮਨਦੀਪ ਸੰਧੂ, ਅਵਤਾਰ ਸਿੰਘ, ਕੁਲਦੀਪ ਦੋਸਾਜ, ਰਮਨਦੀਪ ਕੌਰ, ਸਿਮਰਨ ਅਤੇ ਨੀਲਮ ਭਿੰਡਰ ਹਨ। ਇਸ ਮੌਕੇ ਤੇ ਲੇਖਕ ਤੇ ਨਿਰਦੇਸ਼ਕ ਸੁਖਮੰਦਰ ਸਿੰਘ ਨੇ ਕਿਹਾ ਕਿ ਇੱਕ ਧੀ, ਇੱਕ ਆਮ ਕੁੜੀ ਦੀ ਗ਼ੈਰਆਮ ਸਹਿਨਸ਼ੀਲਤਾ ਦੀ ਕਹਾਣੀ ਹੈ। ਅੱਜ ਦੀਆਂ ਧੀਆਂ ਸਮਾਜ ਦੀਆਂ ਹਰ ਚੁਣੌਤੀ ਦਾ ਡਟ ਕੇ ਸਾਹਮਣਾ ਕਰ ਰਹੀਆਂ ਹਨ। ਅਸੀਂ ਇਸ ਵੈੱਬ ਸੀਰੀਜ਼ ਰਾਹੀਂ ਇੱਕ ਐਸੇ ਜਜ਼ਬੇ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ, ਜੋ ਨਾ ਸਿਰਫ਼ ਆਪਣੇ ਲਈ, ਸਗੋਂ ਆਪਣੇ ਪੂਰੇ ਪਰਿਵਾਰ ਲਈ ਤਾਕਤ ਬਣਦੀ ਹੈ। ਸਬਰ - ਇੱਕ ਧੀ ਦਾ ਨਾਂ ਸਿਰਫ਼ ਮਨੋਰੰਜਨ ਦੇਵੇਗੀ, ਬਲਕਿ ਧੀਆਂ ਦੇ ਧੈਰਜ ਅਤੇ ਬਲਿਦਾਨ ਦੀ ਗਹਿਰਾਈ ਨੂੰ ਵੀ ਉਜਾਗਰ ਕਰੇਗੀ। ਉਨ੍ਹਾਂ ਕਿਹਾ ਕਿ ਦਰਸ਼ਕ 20 ਜੂਨ ਨੂੰ ਇਸ ਵੈੱਬ ਸੀਰੀਜ਼ ਦੀ ਪਹਿਲੀ ਕੜੀ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ।

## ਨੰਬਰਦਾਰਾਂ ਨੇ ਢੀਡਸਾ ਪਰਿਵਾਰ ਨਾਲ ਕੀਤਾ ਦੁੱਖ ਦਾ ਪ੍ਰਗਟਾਵਾ

ਧੂਰੀ ( ਰਣਜੀਤ ਸਿੰਘ ਪੇਧਨੀ ) ਰਾਜਨੀਤੀ ਦੇ ਇੱਕ ਉੱਘੇ ਸਿਆਸਤਦਾਨ ਸੁਖਦੇਵ ਸਿੰਘ ਢੀਂਡਸਾ ਆਪਣੇ ਸਵਾਸਾਂ ਦੀ ਪੂੰਜੀ ਨੂੰ ਪੂਰਾ ਕਰਦਿਆਂ ਹੋਇਆਂ ਗੁਰੂ ਚਰਨਾਂ ਵਿੱਚ ਜਾ ਬਰਾਜੇ ਹਨ। ਉਹਨਾਂ ਦੇ ਚਲੇ ਜਾਣ ਤੇ ਨੰਬਰਦਾਰ ਯੂਨੀਅਨ ਦੇ ਸੀਨੀਅਰ ਆਗੂ ਨੰਬਰਦਾਰ ਰਜਿੰਦਰ ਸਿੰਘ ਪੇਧਨੀ, ਨੰਬਰਦਾਰ ਬਹਾਦਰ ਸਿੰਘ ਹਰਚੰਦਪੁਰ ਅਤੇ ਨੰਬਰਦਾਰ ਲਾਭ ਸਿੰਘ ਮਾਨਸਾ ਨੇ ਪਰਿਵਾਰ ਦੇ ਨਾਲ ਦੁੱਖ ਸਾਂਝਾ ਕਰਦਿਆਂ ਹੋਇਆਂ ਕਿਹਾ ਹੈ ਕਿ ਢੀਡਸਾ ਪਰਿਵਾਰ ਪੰਜਾਬ ਦੀ ਸਿਆਸਤ ਵਿੱਚ ਲੰਮਾ ਸਮਾਂ ਰਹਿ ਕੇ ਪੰਜਾਬ ਅਤੇ ਪੰਜਾਬੀਅਤ ਨੂੰ ਪਿਆਰ ਕਰਨ ਵਾਲੇ ਲੋਕਾਂ ਦੀ ਸੇਵਾ ਵਿੱਚ ਰਿਹਾ ਹੈ। ਉਹਨਾਂ ਕਿਹਾ ਕਿ ਅਸੀਂ ਨੰਬਰਦਾਰ ਯੂਨੀਅਨ ਵੱਲੋਂ ਜਿੱਥੇ ਪਰਿਵਾਰ ਦੇ ਨਾਲ ਦੁੱਖ ਸਾਂਝਾ ਕਰਦੇ ਹਾਂ ਉੱਥੇ ਪਰਮਾਤਮਾ ਅੱਗੇ ਅਰਦਾਸ ਬੇਨਤੀ ਕਰਦੇ ਹਾਂ ਕਿ ਪਰਮਾਤਮਾ ਸੁਖਦੇਵ ਸਿੰਘ ਢੀਡਸਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਿੱਛੇ ਪਰਿਵਾਰ, ਸਾਕ ਸਬੰਧੀਆਂ ਅਤੇ ਰਿਸਤੇਦਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਇਸ ਮੌਕੇ ਡਿੰਪੀ ਕਲੇਰ ਪੇਧਨੀ ਮੈਂਬਰ ਪੰਚਾਇਤ ਹਾਜ਼ਰ ਸਨ।





# ਸਹੀਦਾਂ ਦੇ ਸਿਰਤਾਜ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਕੋਟਿਨ ਕੋਟਿ ਪ੍ਰਣਾਮ




--✶ ਵੱਲੋਂ ✶--

# ਸੰਤ ਸਮਾਜ ਮਾਝਾ ਜੌਨ

**ਜਾਰੀ ਕਰਤਾ : ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ**


੪੧ਵਾਂ
ਸ਼ਹੀਦੀ ਸਮਾਗਮ
6 ਜੂਨ ਨੂੰ
LIVE ON
ਮਹਿਤੇ ਪੁੱਜੋ
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ
ਪ੍ਰਧਾਨ ਗੁਰਮਤਿ ਸਿਧਾਂਤ ਪ੍ਰਚਾਰਿਕ ਸੰਤ ਸਮਾਜ
ਵੱਲੋਂ: ਫੀਲਡ ਪੱਤਰਕਾਰ ਐਸੋਸੀਏਸ਼ਨ, ਬਾਬਾ ਬਕਾਲਾ ਸਾਹਿਬ, ਸਰਕਲ ਮਹਿਤਾ।


41 ਵਾਂ
ਸ਼ਹੀਦੀ ਸਮਾਗਮ
6 ਜੂਨ ਨੂੰ ਮਹਿਤੇ ਪੁੱਜੋ
ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ
ਪ੍ਰਧਾਨ ਗੁਰਮਤਿ ਸਿਧਾਂਤ ਪ੍ਰਚਾਰਿਕ ਸੰਤ ਸਮਾਜ
ਵੱਲੋਂ: ਬਾਬਾ ਸੁਖਵੰਤ ਸਿੰਘ ਚੰਨਣਕੇ ਅਤੇ ਸ੍ਰ. ਮੇਜਰ ਸਿੰਘ ਸਹੋਤਾ (ਸਾ.ਸਰਪੰਚ)

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ

# ਪਿੰਡ ਮੱਲੀਆਂ ਵਿਖੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ



**ਜੰਡਿਆਲਾ ਗੁਰੂ, 28 ਮਈੀ ( ਕੁਲਵੰਤ ਸਿੰਘ ਵਿਰਦੀ )**-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਧਰਮਸ਼ਾਲਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਇਸ ਮੌਕੇ ਤੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਹੋਇਆਂ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਨਾਮ ਸਿੰਘ ਕਵੀਸ਼ਰ ਨੇ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੱਲ ਰੋਜ ਤੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ ਹਨ। ਜਿਨਾਂ ਦੇ ਭੋਗ 30 ਮਈ ਨੂੰ ਪਾਏ ਜਾਣਗੇ ਅਤੇ ਅੱਜ ਗੁਰਦੁਆਰਾ ਸ੍ਰੀ ਧਰਮਸ਼ਾਲਾ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਹੈ ਜੋ ਕਿ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਪ੍ਰਕਰਮਾ ਕਰਦਾ ਹੋਇਆ। ਗੁਰਦੁਆਰਾ ਜੈਲਦਾਰਾਂ ਦੀ ਪੱਤੀ, ਵੱਡਾ ਗੁਰਦੁਆਰਾ ਸਾਹਿਬਾਨ, ਗੁਰਦੁਆਰਾ ਬਾਬਾ ਜੀਵਨ ਸਿੰਘ ਜੀ, ਗੁਰਦੁਆਰਾ ਬਾਬਾ ਬੀਰ ਸਿੰਘ ਜੀ, ਅਤੇ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਪਾਤਸ਼ਾਹ ਜੀ ਦੀ ਚਰਨ ਸ਼ੋ ਪ੍ਰਾਪਤ ਗੁਰਦੁਆਰਾ ਸ੍ਰੀ ਪਲਾਹ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਕਰਦੇ ਹੋਏ, ਵਾਪਸ ਦੇਰ ਸ਼ਾਮ ਆਪਣੇ ਨਿੱਜੀ ਸਥਾਨਾਂ ਤੇ ਸੰਪੰਨ ਹੋਇਆ। ਇਸ ਮੌਕੇ ਤੇ ਨਗਰ ਕੀਰਤਨ ਦੇ ਮਗਰ ਰੱਬ ਰੂਪੀ ਸੰਗਤ ਨੂੰ ਲੋਕਾਂ ਨੇ ਆਪਣੇ ਘਰਾਂ ਦੇ ਵਿੱਚ ਸੱਦ ਕੇ, ਮਠਿਆਈ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਤਰ੍ਹਾਂ ਤਰ੍ਹਾਂ ਦੇ ਪਦਾਰਥਾਂ ਨਾਲ ਸੇਵਾ ਕੀਤੀ। ਸੰਗਤ ਨੇ ਨਗਰ ਕੀਰਤਨ ਦੇ ਮਗਰ ਧੁਰ ਕੀ ਬਾਣੀ ਇਲਾਹੀ ਬਾਣੀ ਜੀ ਦਾ ਕੀਰਤਨ ਦਾ ਆਨੰਦ ਮਾਣਿਆ । ਇਸ ਮੌਕੇ ਤੇ ਗਿਆਨੀ ਗੁਰਨਾਮ ਸਿੰਘ ਕਵੀਸ਼ਰ ਨੇ ਦੱਸਿਆ ਕਿ 30 ਮਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ ਅਤੇ ਇਸ ਉਪਰੰਤ ਸਾਰੇ ਪਿੰਡ ਦੇ ਸਹਿਯੋਗ ਨਾਲ ਪਿੰਡ ਮੱਲੀਆਂ ਦੇ ਜੀ ਟੀ ਰੋਡ ਤੇ ਸਥਿਤ ਅੱਡੇ ਵਿਖੇ ਠੰਡੇ ਮਿੱਠੇ ਜਲ ਦੀ,ਛਬੀਲ ਅਤੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਜਾਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਮੋਗਾ ਵਿਖੇ ਕੀਤਾ ਗਿਆ ਕਾਰਨੀਵਲ ਦਾ ਆਯੋਜਨ

# ਬੱਚਿਆਂ ਨੇ ਕੀਤਾ ਖੂਬ ਮਨੋਰੰਜਨ ਤੇ ਸਕੂਲ ਸਟਾਫ਼ ਦਾ ਕੀਤਾ ਧੰਨਵਾਦ









ਬਿਲਾਸਪੁਰ/ਮੋਗਾ (ਵਰਿਆਮ ਹਠੂਰ) ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ (ਮੋਗਾ) ਵਿਖੇ ਸਕੂਲ ਅੰਦਰ ਕਾਰਨੀਵਲ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸਾਰੇ ਹੀ ਨੰਨੇ ਮੁੰਨੇ ਵਿਦਿਆਰਥੀਆਂ ਨੇ ਖੂਬ ਆਨੰਦ ਮਾਣਿਆ ਇਸ ਮੌਕੇ ਤੇ ਅਲੱਗ ਅਲੱਗ ਤਰ੍ਹਾਂ ਦੇ ਝੂਲਿਆਂ ਦਾ ਆਨੰਦ ਮਾਣਦਿਆਂ ਨੰਨੇ ਮੁੰਨੇ ਵਿਦਿਆਰਥੀਆਂ ਦੀ ਖੁਸ਼ੀ ਵੇਖਣ ਯੋਗ ਸੀ। ਇਸ ਮੌਕੇ ਤੇ ਮੌਜੂਦ ਸਕੂਲ ਮੈਨੇਜਮੈਂਟ ਦੇ ਪ੍ਰਧਾਨ ਚਰਨ ਸਿੰਘ, ਸਕੂਲ ਚੇਅਰਮੈਨ ਯੋਗਿੰਦਰ ਸ਼ਰਮਾ, ਪ੍ਰਿੰਸੀਪਲ ਕੁੰਜੂਮੋਲ ਜੋਅ ਤੇ ਵਾਈਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਬੋਲਦੇ ਹੋਏ ਕਿਹਾ ਕਿ ਇਸ ਗਰਮੀ ਦੇ ਮੌਸਮ ਵਿੱਚ ਅਸੀਂ ਛੋਟੇ ਬੱਚਿਆਂ ਨੂੰ ਦੂਜੇ ਸ਼ਹਿਰਾਂ ਵਿੱਚ ਲਿਜਾਣ ਤੋਂ ਡਰਦੇ ਹਾਂ ਕਿਤੇ ਉਹਨਾਂ ਨੂੰ ਗਰਮੀ ਨਾ ਲੱਗ ਜਾਵੇ ਇਸ ਸਥਿਤੀ ਨੂੰ ਦੇਖਦੇ ਹੋਏ ਬੱਚਿਆਂ ਦੇ ਮਨੋਰੰਜਨ ਲਈ ਆਪਣੇ ਸਕੂਲ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਦੇ ਅੰਦਰ ਹੀ ਇਸ ਕਾਰਨਿਵਲ ਦਾ ਆਯੋਜਨ ਕੀਤਾ ਹੈ। ਜਿਸ ਵਿੱਚ ਬੱਚਿਆਂ ਨੇ ਵੱਖ-ਵੱਖ ਤਰ੍ਹਾ ਦੇ ਝੂਲਿਆਂ, ਖੇਡਾਂ, ਨਾਚ ਅਤੇ ਖਾਣੇ ਆਦਿ ਦਾ ਆਨੰਦ ਮਾਣ ਕੇ ਬਹੁਤ ਮਸਤੀ ਕੀਤੀ। ਵਿਦਿਆਰਥੀਆਂ ਨੇ ਇਸ ਕਾਰਨੀਵਲ ਵਿੱਚ ਬਹੁਤ ਹੀ ਆਨੰਦ ਮਾਣਿਆ। ਵਿਦਿਆਰਥੀਆਂ ਦੀਆਂ ਕਈ ਤਰ੍ਹਾਂ ਦੀਆਂ ਸਰੀਰਕ ਗਤੀਵਿਧੀਆਂ ਵੀ ਕਰਵਾਈਆਂ ਗਈਆਂ ਤਾਂ ਜੋ ਉਹਨਾਂ ਨੂੰ ਸਰੀਰਕ ਤੌਰ ਤੇ ਮਜਬੂਤ ਬਣਾਇਆ ਜਾ ਸਕੇ। ਮਾਪਿਆ ਨੇ ਵੀ ਸਕੂਲ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ। ਤੇ ਬੱਚਿਆਂ ਨੇ ਸਕੂਲ ਮੈਨੇਜਮੈਂਟ ਅਤੇ ਸਕੂਲ ਸਟਾਫ਼ ਦਾ ਧੰਨਵਾਦ ਕੀਤਾ, ਪ੍ਰਧਾਨ ਚਰਨ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਸਾਡੇ ਸਕੂਲ ਵੱਲੋਂ ਬੱਚਿਆਂ ਨੂੰ ਚੰਗੀ ਵਿੱਦਿਆ ਦੇਣ ਦੇ ਨਾਲ ਨਾਲ ਉਨ੍ਹਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਵੱਲ ਵੀ ਵਿਸ਼ੇਸ਼ ਤੌਰ ਤੇ ਧਿਆਨ ਦਿੱਤਾ ਜਾਂਦਾ ਹੈ। ਤੇ ਸਮੇਂ ਸਮੇਂ ਨਾਲ ਸਕੂਲ ਵੱਲੋਂ ਅਜਿਹੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਸਾਡੇ ਸਕੂਲ ਦੇ ਸਮੂਹ ਮਿਹਨਤੀ ਸਟਾਫ਼ ਦੀ ਇਹੋ ਕੋਸ਼ਿਸ਼ ਰਹਿੰਦੀ ਹੈ ਕਿ ਉਨ੍ਹਾਂ ਨੂੰ ਸਮੇਂ ਦੇ ਹਾਣੀ ਬਣਾਇਆ ਜਾ ਸਕੇ। ਇਸ ਮੌਕੇ ਸਕੂਲ ਸਟਾਫ਼ ਮੈਨੇਜਮੈਂਟ ਅਤੇ ਬੱਚੇ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਕੌਮੀ ਇਨਸਾਫ ਮੋਰਚੇ ਦੇ ਆਗੂਆਂ ਵੱਲੋਂ ਐਸਡੀਐਮ ਖਰੜ ਦੇ ਨਾਲ ਕੀਤੀ ਮੁਲਾਕਾਤ, ਭਾਰਤ ਦੇ ਰਾਸ਼ਟਰਪਤੀ ਅਤੇ ਪੰਜਾਬ ਦੇ ਰਾਜਪਾਲ ਦੇ ਨਾਮ ਦਿੱਤਾ ਮੰਗ ਪੱਤਰ



**ਖਰੜ, 29 ਮਈ (ਆਵਾਜ਼ਿ ਕੌਮ ਬਿਊਰੋ)**-ਕੌਮੀ ਇਨਸਾਫ ਮੋਰਚਾ ਦੇ ਆਗੂਆਂ ਵੱਲੋਂ ਐਸਡੀਐਮ ਖਰੜ ਨੂੰ ਭਾਰਤ ਦੇ ਰਾਸ਼ਟਰਪਤੀ ਅਤੇ ਪੰਜਾਬ ਦੇ ਰਾਜਪਾਲ ਦੇ ਨਾਮ ਦਾ ਇੱਕ ਮੰਗ ਪੱਤਰ ਸੌਂਪਿਆ ਗਿਆ। ਉਹਨਾਂ ਇਸ ਮੰਗ ਪੱਤਰ ਵਿੱਚ ਲਿਖਿਆ ਕਿ ਪੰਜਾਬ ਦੀਆਂ ਵੱਖ ਵੱਖ ਜਥੇਬੰਦੀਆਂ ਕੌਮੀ ਇਨਸਾਫ ਮੋਰਚੇ ਦੇ ਸੱਦੇ ਤੇ ਕਿਸਾਨ ਮਜ਼ਦੂਰ ਧਾਰਮਿਕ ਤੇ ਵਪਾਰੀ ਜਥੇਬੰਦੀਆਂ ਦੀ ਇੱਕ ਜਰੂਰੀ ਇਕੱਤਰਤਾ 16 ਮਈ ਨੂੰ ਬਠਿੰਡਾ ਵਿੱਚ ਹੋਈ ਉਸ ਦੇ ਵਿੱਚ ਲਏ ਫੈਸਲਿਆਂ ਮੁਤਾਬਕ ਸਬ ਡਿਵੀਜ਼ਨ ਪੱਧਰ ਤੇ ਪੰਜਾਬ ਸਰਕਾਰ ਤੇ ਵਿਸ਼ੇਸ਼ ਕਰਕੇ ਮੁੱਖ ਮੰਤਰੀ ਵਿਰੁੱਧ ਅਤੇ ਮੋਦੀ ਸਰਕਾਰ ਦੀਆਂ ਜੰਗੀ ਨੀਤੀਆਂ ਵਿਰੁੱਧ ਚੇਤਾਵਨੀ ਪੱਤਰ ਭੇਜਿਆ ਗਿਆ। ਪੱਤਰ ਵਿੱਚ ਉਹਨਾਂ ਲਿਖਿਆ ਕਿ ਰੋਜ਼ਾਨਾ ਝੂਠੇ ਪੁਲਿਸ ਮੁਕਾਬਲੇ ਪੁਲਿਸ ਹਿਰਾਸਤ ਵਿੱਚ ਮੌਤਾਂ ਭਰਿਸ਼ਟਾਚਾਰ ਨਸ਼ੇ ਹਰ ਖੇਤਰ ਦੇ ਮਾਫੀਆ ਗਰੋ ਨਜਾਇਜ਼ ਪੁਲਿਸ ਗ੍ਰਿਫਤਾਰੀਆਂ ਸਾਲਾਂ ਬੱਧੀ ਬਿਨਾਂ ਮੁਕਦਮੇ ਚਲਾਏ ਅਨੇਕਾਂ ਵਿਅਕਤੀ ਜੇਲ੍ਹਾਂ ਵਿੱਚ ਬੰਦ ਪੰਜਾਬ ਤੋਂ ਬਾਹਰ ਹਜ਼ਾਰਾਂ ਮੀਲ ਦੂਰ ਬੰਦੀਆਂ ਨੂੰ ਜੇਲ੍ਹਾਂ ਵਿੱਚ ਰੱਖਣਾ ਜਿਨਾਂ ਵਿੱਚ ਵਿਸ਼ੇਸ਼ ਤੌਰ ਤੇ ਜਥੇਦਾਰ ਜਗਤਾਰ ਸਿੰਘ ਹਵਾਰਾ ਭਾਈ ਅੰਮ੍ਰਿਤਪਾਲ ਸਿੰਘ ਮੈਂਬਰ ਪਾਰਲੀਮੈਂਟ ਤੇ ਸਮੇਤ ਆਪਣੇ ਕੋਲ ਦਰਜਨਾ ਨੌਜਵਾਨਾਂ ਨੂੰ ਪੰਜਾਬ ਤੋਂ ਦੂਰ ਜੇਲ੍ਹਾਂ ਵਿੱਚ ਬੰਦ ਕੀਤਾ ਹੈ। ਇਸੇ ਤਰ੍ਹਾਂ ਕਿਸਾਨਾਂ ਮਜ਼ਦੂਰਾਂ ਨਾਲ ਵਿਆਪਕ ਪੱਧਰ ਤੇ ਤਸ਼ੱਦਦ ਦੀਆਂ ਉਦਾਹਰਨਾਂ ਸਾਹਮਣੇ ਹਨ। ਪੱਤਰ ਵਿੱਚ ਲਿਖਿਆ ਕਿ ਦਹਾਕਿਆਂ ਤੋਂ ਪੰਜਾਬ ਵਿੱਚ ਬੇਚੈਨੀ ਹੈ ਪੰਜਾਬ ਦੇਸ਼ ਦੀ ਆਜ਼ਾਦੀ ਲਈ ਵੱਡੀਆਂ ਕੁਰਬਾਨੀਆਂ ਕਰਨ ਵਾਲਾ ਰਾਜ ਲਗਾਤਾਰ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵੱਲੋਂ ਅਣਗੌਲ ਲਿਆ ਕੀਤਾ ਜਾ ਰਿਹਾ ਹੈ। ਾ ਰਾਸ਼ਟਰਪਤੀ ਨੂੰ ਇਹਨਾਂ ਮਸਲਿਆਂ ਦੇ ਹੱਲ ਲਈ ਦਖਲ ਅੰਦਾਜੀ ਦੀ ਮੰਗ ਕੀਤੀ। ਉਹਨਾਂ ਦੱਸਿਆ ਕਿ ਪੰਜਾਬ ਦੇ ਹਾਲਾਤਾਂ ਅਤੇ ਜਾਇਜ਼ ਮਸਲਿਆਂ ਪ੍ਰਤੀ ਅਣਗਹਿਲੀ ਹੰਕਾਰੀ ਸੰਵੇਦਨਸ਼ੀਲਤਾ ਅਨਿਆ ਪੂਰਬਕ ਅਤੇ ਜਬਰ ਨੀਤੀਆਂ ਪੰਜਾਬ ਨੂੰ ਬਹੁਤ ਵੱਡੀ ਲੋਕਾਂ ਦੇ ਰੋਸ ਵੱਲ ਲਿਜਾ ਸਕਦੀ ਹੈ। ਉਹਨਾਂ ਮੰਗ ਪੱਤਰ ਵਿੱਚ ਮੰਗ ਕੀਤੀ ਕਿ ਸਜਾਵਾਂ ਪੂਰੀਆਂ ਕਰ ਚੁੱਕੇ ਸਾਰੇ ਬੰਦਿਆਂ ਜਿਨਾਂ ਵਿੱਚ ਜਥੇਦਾਰ ਜਗਤਾਰ ਸਿੰਘ ਹਵਾਰਾ ਬਲਵੰਤ ਸਿੰਘ ਰਾਜੋਆਣਾ ਜਗਤਾਰ ਸਿੰਘ ਤਾਰਾ ਪਰਮਜੀਤ ਸਿੰਘ ਭਿਓਰਾ ਸਮਸ਼ੇਰ ਸਿੰਘ ਗੁਰਮੀਤ ਸਿੰਘ ਲਖਵਿੰਦਰ ਸਿੰਘ ਦਵਿੰਦਰ ਪਾਲ ਸਿੰਘ ਭੁੱਲਰ ਗੁਰਦੀਪ ਸਿੰਘ ਖੇੜਾ ਸਮੇਤ ਸਾਰਿਆਂ ਨੂੰ ਤੁਰੰਤ ਰਿਹਾ ਕੀਤਾ ਜਾਵੇ। ਉਹਨਾਂ ਕਿਹਾ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੇ ਨਾਲ ਨਾਲ ਸਾਲਾਂ ਤੋਂ ਬੰਦ ਸਾਰੇ ਬੰਦਿਆਂ ਦੇ ਕੇਸਾਂ ਦੀ ਇੱਕ ਜੁਡੀਸ਼ਅਲ ਕਮਿਸ਼ਨ ਬਣਾ ਕੇ ਪੁਨਰ ਵਿਚਾਰ ਕੀਤੇ ਜਾਣ। ਉਹਨਾਂ ਕਿਹਾ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਾਰੇ ਧਰਮਾਂ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਲਈ ਸਖਤ ਕਾਨੂੰਨ ਪਾਸ ਕੀਤੇ ਜਾਣ ਬਹਿਬਲ ਅਤੇ ਕੋਟਕਪੂਰਾ ਗੋਲੀਕਾਂਡ ਵਿੱਚ ਸਰਕਾਰ ਵੱਲੋਂ ਬਣਾਈਆਂ ਸਿੱਟਾਂ ਦੇ ਚਲਾਨ ਤੁਰੰਤ ਪੇਸ਼ ਕੀਤੇ ਜਾਣ ਅਤੇ ਕਾਰਵਾਈ ਕੀਤੀ ਜਾਵੇ।

# ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 35 'ਚ ਸੀਵਰੇਜ ਦੇ ਕੰਮ ਦੀ ਕਰਵਾਈ ਸ਼ੁਰੂਆਤ



**ਹੁਸ਼ਿਆਰਪੁਰ, 29 ਮਈ (ਆਵਾਜ਼ਿ ਕੌਮ ਬਿਊਰੋ)**-ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਵਾਰਡ ਨੰਬਰ 35 ਦੇ ਮੁਹੱਲਾ ਪ੍ਰਹਿਲਾਦ ਨਗਰ ਵਿਚ ਲੱਗਭਗ 16.50 ਲੱਖ ਰੁਪਏ ਦੀ ਲਾਗਤ ਨਾਲ ਹੋਣ ਵਾਲੇ ਸੀਵਰੇਜ ਦੇ ਕੰਮ ਦਾ ਨੀਂਹ ਪੱਥਰ ਰੱਖਿਆ। ਇਹ ਮਹੱਤਵਪੂਰਨ ਪ੍ਰੋਜੈਕਟ ਇਲਾਕੇ ਦੇ ਵਸਨੀਕਾਂ ਨੂੰ ਪਾਣੀ ਦੀ ਨਿਕਾਸੀ ਦੀ ਸਮੱਸਿਆ ਤੋਂ ਰਾਹਤ ਪ੍ਰਦਾਨ ਕਰੇਗਾ ਅਤੇ ਸਫਾਈ ਅਤੇ ਸਿਹਤ ਨੂੰ ਬਿਹਤਰ ਬਣਾਉਣ ਵਿਚ ਸਹਾਇਤਾ ਕਰੇਗਾ। ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਸਥਾਨਕ ਵਿਕਾਸ ਯੋਜਨਾਵਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਸਰਕਾਰ ਸ਼ਹਿਰ ਦੇ ਸਾਰੇ ਵਾਰਡਾਂ ਵਿਚ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਲੋਕਾਂ ਨੂੰ ਸਫਾਈ ਮੁਹਿੰਮ ਵਿਚ ਸਰਗਰਮੀ ਨਾਲ ਸਹਿਯੋਗ ਕਰਨ ਅਤੇ ਸਰਕਾਰੀ ਯੋਜਨਾਵਾਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਕੌਂਸਲਰ ਊਸ਼ਾ ਰਾਣੀ, ਮੁਨੀਸ਼ ਸ਼ਰਮਾ, ਕੌਂਸਲਰ ਵਿਜੇ ਅਗਰਵਾਲ, ਕੌਂਸਲਰ ਰਾਜੇਸ਼ਵਰ ਦਿਆਲ ਬੱਬੀ, ਅਜੇ ਵਰਮਾ, ਵਰਿੰਦਰ ਵੈਦ ਸਮੇਤ ਹੋਰ ਪਤਵੰਤੇ ਵੀ ਮੌਜੂਦ ਸਨ।

# ਏਪੀਜੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ



ਖਰੜ, 29 ਮਈ (**ਆਵਾਜ਼ਿ ਕੌਮ ਬਿਊਰੋ**)- ਏਪੀਜੇ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸਵੇਰ ਦੀ ਸਭਾ ਦੌਰਾਨ ਸ਼੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਉਨ੍ਹਾਂ ਦੀ ਯਾਦ ਵਿੱਚ ਭਗਤੀ ਭਰੇ ਸ਼ਬਦ ਗਾਇਨ ਕੀਤੇ। ਇਸ ਮੌਕੇ ਗੁਰੂ ਅਰਜਨ ਦੇਵ ਜੀ ਦੁਆਰਾ ਦਿੱਤੀ ਗਈ ਮਹਾਨ ਕੁਰਬਾਨੀ ਨੂੰ ਯਾਦ ਕੀਤਾ ਗਿਆ, ਜੋ ਸੱਚ, ਨਿਆਂ ਅਤੇ ਵਿਸ਼ਵਾਸ ਲਈ ਆਪਣੀ ਜਾਨ ਦੇਣ ਵਾਲੇ ਪਹਿਲੇ ਸਿੱਖ ਸ਼ਹੀਦ ਬਣੇ। ਵਿਦਿਆਰਥੀਆਂ ਨੇ ਸ਼ਰਧਾ ਅਤੇ ਸਤਿਕਾਰ ਨਾਲ ਗਾਇਆ ਜਿਸ ਨਾਲ ਇੱਕ ਸ਼ਾਂਤ ਅਤੇ ਅਧਿਆਤਮਿਕ ਮਾਹੌਲ ਪੈਦਾ ਹੋ ਗਿਆ। ਉਨ੍ਹਾਂ ਦੀਆਂ ਆਵਾਜ਼ਾਂ ਗੁਰੂ ਦੀਆਂ ਸਿੱਖਿਆਵਾਂ ਨੂੰ ਗੂੰਜਦੀਆਂ ਸਨ, ਸ਼ਾਂਤੀ, ਸਹਿਣਸ਼ੀਲਤਾ ਅਤੇ ਦਇਆ ਦਾ ਸੰਦੇਸ਼ ਫੈਲਾਉਂਦੀਆਂ ਸਨ। ਅਧਿਆਪਕਾਂ ਨੇ ਗੁਰੂ ਅਰਜਨ ਦੇਵ ਜੀ ਦੇ ਜੀਵਨ ਬਾਰੇ ਵਿਦਿਆਰਥੀਆਂ ਨਾਲ ਗੱਲ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੇ ਸਾਹਸ, ਨਿਮਰਤਾ ਅਤੇ ਧਾਰਮਿਕਤਾ ਪ੍ਰਤੀ ਸਮਰਪਣ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਸਵੇਰ ਦੀ ਸਭਾ ਇੱਕ ਸ਼ਰਧਾਂਜਲੀ ਅਤੇ ਸਿੱਖਣ ਦੇ ਪਲ ਵਜੋਂ ਕੰਮ ਕਰਦੀ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਦੇ ਅਮੀਰ ਮੁੱਲਾਂ ਨਾਲ ਜੁੜਨ ਵਿੱਚ ਮਦਦ ਮਿਲਦੀ ਹੈ। ਇਸ ਮੌਕੇ ਸਵੇਰ ਦੀ ਸਭਾ ਨੇ ਸਾਰਿਆਂ ਨੂੰ ਮੁਸ਼ਕਲ ਸਮਿਆਂ ਵਿੱਚ ਵੀ ਸੱਚ ਲਈ ਖੜ੍ਹੇ ਰਹਿਣ ਅਤੇ ਵਿਸ਼ਵਾਸ ਨੂੰ ਬਣਾਈ ਰੱਖਣ ਦੀ ਮਹੱਤਤਾ ਦੀ ਯਾਦ ਦਿਵਾਈ।

ਦਮਦਮੀ ਟਕਸਾਲ ਦੇ 14ਵੇਂ ਮੁਖੀ, ਵੀਹਵੀਂ ਸਦੀ ਦੇ ਮਹਾਨ ਜਰਨੈਲ,
ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ' ਭਿੰਡਰਾਂਵਾਲਿਆਂ '
ਅਤੇ ਉਹਨਾਂ ਨਾਲ ਸ਼ਹੀਦ ਹੋਏ ਸਮੂਹ ਸ਼ਹੀਦਾਂ ਦੀ ਯਾਦ ਵਿੱਚ

# ੪੧ਵੇਂ ਸ਼ਹੀਦੀ ਸਮਾਗਮ

ਨੂੰ ਮੁੱਖ ਰੱਖਦਿਆ



# ਇਲਾਕੇ ਦੇ ਪਤਵੰਤੇ ਸੱਜਣਾਂ ਦੀ ਮੀਟਿੰਗ

## ਮਿਤੀ 30 ਮਈ 2025
## ਦਿਨ ਸ਼ੁੱਕਰਵਾਰ ਨੂੰ

(ਸਵੇਰੇ 12 ਵਜੇ ਤੋਂ 2 ਵਜੇ ਤੱਕ)

ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਹੈੱਡ ਕੁਆਟਰ ਦਮਦਮੀ ਟਕਸਾਲ
ਮਹਿਤਾ (ਅੰਮ੍ਰਿਤਸਰ) ਵਿਖੇ ਹੋਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

ਵੱਲੋਂ: ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ 'ਭਿੰਡਰਾਂਵਾਲੇ'
ਮੁਖੀ ਦਮਦਮੀ ਟਕਸਾਲ, ਜੱਥਾ ਭਿੰਡਰਾਂ (ਮਹਿਤਾ), ਸੰਪਰਕ: 99158-00904

# ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




## Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net